Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # 274 20-03-2026 www.samajweekly.com samajweekly @samajweekly samajweekly

# Crude Oil 146 ਡਾਲਰ ’ਤੇ ਪੁੱਜਿਆ; Petrol ਤੇ Diesel ਹੋ ਸਕਦੇ ਹਨ ਮਹਿੰਗੇ



### ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ’ਤੇ ਅਸਰ

ਸਿਰਫ਼ ਖਾਣ-ਪੀਣ ਦੀਆਂ ਚੀਜ਼ਾਂ ਹੀ ਨਹੀਂ ਬਲਕਿ ਸਾਬਣ, ਤੇਲ, ਪਲਾਸਟਿਕ ਦਾ ਸਾਮਾਨ ਅਤੇ ਦਵਾਈਆਂ ਆਦਿ ਵੀ ਮਹਿੰਗੀਆਂ ਹੋ ਸਕਦੀਆਂ ਹਨ ਇਨ੍ਹਾਂ ਚੀਜ਼ਾਂ ਨੂੰ ਬਣਾਉਣ ਵਾਲੀਆਂ ਫੈਕਟਰੀਆਂ ਵਿੱਚ ਮਸ਼ੀਨਾਂ ਚਲਾਉਣ ਅਤੇ ਤਿਆਰ ਮਾਲ ਨੂੰ ਬਾਜ਼ਾਰ ਤੱਕ ਭੇਜਣ ਲਈ ਬਾਲਣ (Fuel) ਦੀ ਵਰਤੋਂ ਹੁੰਦੀ ਹੈ ਜਦੋਂ ਬਾਲਣ ਮਹਿੰਗਾ ਹੁੰਦਾ ਹੈ ਤਾਂ ਕੰਪਨੀਆਂ ਆਪਣਾ ਨੁਕਸਾਨ ਪੂਰਾ ਕਰਨ ਲਈ ਚੀਜ਼ਾਂ ਦੀ ਕੀਮਤ ਵਧਾ ਦਿੰਦੀਆਂ ਹਨ।

### ਖੇਤੀਬਾੜੀ ’ਤੇ ਅਸਰ

ਪੰਜਾਬ ਵਰਗੇ ਖੇਤੀ ਪ੍ਰਧਾਨ ਸੂਬੇ ਵਿੱਚ ਡੀਜ਼ਲ ਦੀ ਬਹੁਤ ਮਹੱਤਤਾ ਹੈ ਟਰੈਕਟਰ ਚਲਾਉਣ, ਟਿਊਬਵੈੱਲ ਚਲਾਉਣ ਅਤੇ ਫਸਲਾਂ ਦੀ ਵਾਢੀ ਲਈ ਡੀਜ਼ਲ ਦੀ ਲੋੜ ਹੁੰਦੀ ਹੈ ਜੇ ਡੀਜ਼ਲ 10-15 ਰੁਪਏ ਮਹਿੰਗਾ ਹੁੰਦਾ ਹੈ ਤਾਂ ਕਿਸਾਨਾਂ ਦੀ ਫਸਲ ਦੀ ਲਾਗਤ ਵਧ ਜਾਵੇਗੀ, ਜਿਸ ਦਾ ਅਸਰ ਅੰਤ ਵਿੱਚ ਅਨਾਜ ਦੀਆਂ ਕੀਮਤਾਂ ‘ਤੇ ਪਵੇਗਾ।

**ਇਰਾਨ** - ਇਰਾਨ ਜੰਗ ਕਾਰਨ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਅਤੇ ਕੁਦਰਤੀ ਗੈਸ ਦੀਆਂ ਕੀਮਤਾਂ 30 ਫੀਸਦੀ ਵਧ ਗਈਆਂ ਹਨ ਇਰਾਨ ਵੱਲੋਂ ਗੁਆਂਢੀ ਦੇਸ਼ਾਂ ਦੇ ਤੇਲ ਅਤੇ ਗੈਸ ਪਲਾਂਟਾਂ ‘ਤੇ ਕੀਤੇ ਗਏ ਹਮਲਿਆਂ ਕਾਰਨ ਕਤਰ ਦਾ ਇੱਕ ਵੱਡਾ ਗੈਸ ਪਲਾਂਟ ਬੰਦ ਹੋ ਗਿਆ ਹੈ, ਜਿਸ ਕਾਰਨ ਯੂਰਪ ਵਿੱਚ ਗੈਸ ਦੀਆਂ ਕੀਮਤਾਂ 30 ਫੀਸਦੀ ਤੱਕ ਵਧ ਗਈਆਂ ਹਨ।

ਜੰਗ ਸ਼ੁਰੂ ਹੋਣ ਤੋਂ ਬਾਅਦ ਭਾਰਤ ਲਈ ਕੱਚੇ ਤੇਲ ਦੀਆਂ ਕੀਮਤਾਂ ਲਗਪਗ ਦੁੱਗਣੀਆਂ ਹੋ ਕੇ 146 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈਆਂ ਹਨ ਜੇਕਰ ਕੀਮਤਾਂ ਇਸੇ ਤਰ੍ਹਾਂ ਵਧਦੀਆਂ ਰਹੀਆਂ ਤਾਂ ਭਾਰਤ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 10 ਤੋਂ 15 ਰੁਪਏ ਤੱਕ ਵਧ ਸਕਦੀਆਂ ਹਨ ਇਸ ਨਾਲ ਆਮ ਜਨਤਾ ਦੀ ਜੇਬ ‘ਤੇ ਵੱਡਾ ਬੋਝ ਪੈਣ ਦਾ ਖਦਸ਼ਾ ਹੈ।

ਭਾਰਤ ਆਪਣੀ ਲੋੜ ਦਾ ਜ਼ਿਆਦਾਤਰ ਤੇਲ ਇਰਾਕ, ਸਾਊਦੀ ਅਰਬ, ਰੂਸ ਅਤੇ ਯੂ.ਏ.ਈ. (UAE) ਵਰਗੇ ਦੇਸ਼ਾਂ ਤੋਂ ਖਰੀਦਦਾ ਹੈ ਇਨ੍ਹਾਂ ਸਾਰੇ ਦੇਸ਼ਾਂ ਤੋਂ ਮਿਲਣ ਵਾਲੇ ਵੱਖ-ਵੱਖ ਤਰ੍ਹਾਂ ਦੇ ਤੇਲ ਦੀਆਂ ਕੀਮਤਾਂ ਦਾ ਜੋ ਔਸਤ ਕੱਢਿਆ ਜਾਂਦਾ ਹੈ, ਉਸ ਨੂੰ ਇੰਡੀਅਨ ਬਾਸਕੇਟ ਕਿਹਾ ਜਾਂਦਾ ਹੈ ਇਸ ਬਾਸਕੇਟ ਦੀ ਕੀਮਤ ਵਧਣ ਕਾਰਨ ਹੀ ਦੇਸ਼ ਵਿੱਚ ਤੇਲ ਕੰਪਨੀਆਂ ਕੀਮਤਾਂ ਵਧਾਉਣ ਦਾ ਫੈਸਲਾ ਲੈਂਦੀਆਂ ਹਨ।

**ਤੇਲ ਮਹਿੰਗਾ ਹੋਣ ਨਾਲ ਵਧਣ ਵਾਲੀ ਮਹਿੰਗਾਈ** : ਜਦੋਂ ਡੀਜ਼ਲ ਦੀਆਂ ਕੀਮਤਾਂ ਵਧਦੀਆਂ ਹਨ ਤਾਂ ਟਰੱਕਾਂ ਅਤੇ ਟੈਂਪੂਆਂ ਦਾ ਕਿਰਾਇਆ ਵੀ ਵਧ ਜਾਂਦਾ ਹੈ ਖੇਤਾਂ ਤੋਂ ਮੰਡੀਆਂ ਅਤੇ ਮੰਡੀਆਂ ਤੋਂ ਤੁਹਾਡੇ ਸ਼ਹਿਰ ਤੱਕ ਸਬਜ਼ੀਆਂ, ਫਲ, ਅਨਾਜ ਅਤੇ ਹੋਰ ਜ਼ਰੂਰੀ ਸਾਮਾਨ ਪਹੁੰਚਾਉਣ ਦਾ ਖਰਚਾ ਵਧ ਜਾਂਦਾ ਹੈ ਇਸ ਕਾਰਨ ਦੁਕਾਨਦਾਰ ਚੀਜ਼ਾਂ ਦੇ ਭਾਅ ਵਧਾ ਦਿੰਦੇ ਹਨ, ਜਿਸ ਨਾਲ ਆਮ ਜਨਤਾ ਨੂੰ ਹਰ ਚੀਜ਼ ਮਹਿੰਗੀ ਮਿਲਣ ਲੱਗਦੀ ਹੈ।

## ਕਰਾਚੀ ’ਚ ਕੁਦਰਤ ਦਾ ਕਹਿਰ: ਭਾਰੀ ਮੀਂਹ ਅਤੇ ਤੂਫ਼ਾਨ ਨੇ ਲਈ 19 ਜਾਨਾਂ

**ਪਾਕਿਸਤਾਨ** - ਪਾਕਿਸਤਾਨ ਦੇ ਸਭ ਤੋਂ ਵੱਡੇ ਸ਼ਹਿਰ ਕਰਾਚੀ ਵਿੱਚ ਬੁੱਧਵਾਰ ਰਾਤ ਨੂੰ ਆਏ ਭਾਰੀ ਮੀਂਹ, ਗਰਜ਼-ਚਮਕ ਅਤੇ ਤੇਜ਼ ਹਵਾਵਾਂ ਨੇ ਭਾਰੀ ਤਬਾਹੀ ਮਚਾਈ ਹੈ, ਜਿਸ ਵਿੱਚ ਹੁਣ ਤੱਕ ਘੱਟੋ-ਘੱਟ 19 ਲੋਕਾਂ ਦੀ ਮੌਤ ਹੋ ਚੁੱਕੀ ਹੈ ਸਭ ਤੋਂ ਵੱਡਾ ਹਾਦਸਾ ਕੋਰੰਗੀ ਇਲਾਕੇ ਵਿੱਚ ਵਾਪਰਿਆ, ਜਿੱਥੇ ਇੱਕ ਟੈਲੀਫੋਨ ਐਕਸਚੇਂਜ ਦੀ ਛੱਤ ਅਤੇ ਕੰਧ ਡਿੱਗਣ ਕਾਰਨ ਚਾਹ ਪੀ ਰਹੇ 12 ਲੋਕਾਂ ਦੀ ਦਬ ਕੇ ਮੌਤ ਹੋ ਗਈ। ਪੁਲੀਸ ਅਨੁਸਾਰ ਬਚਾਅ ਟੀਮਾਂ ਅਜੇ ਵੀ ਮਲਬਾ ਹਟਾਉਣ ਵਿੱਚ ਜੁਟੀਆਂ ਹੋਈਆਂ ਹਨ, ਜਿਸ ਕਾਰਨ ਮੌਤਾਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ ਸ਼ਹਿਰ ਦੇ ਨੀਵੇਂ ਇਲਾਕਿਆਂ ਵਿੱਚ ਹਾਲਾਤ ਬੇਹੱਦ ਖਰਾਬ ਹਨ ਅਤੇ ਕਈ ਥਾਈਂ ਦਰੱਖ਼ਤ ਤੇ ਸਾਈਨ ਬੋਰਡ ਡਿੱਗਣ ਕਾਰਨ ਆਵਾਜਾਈ ਵੀ ਪ੍ਰਭਾਵਿਤ ਹੋਈ ਹੈ।



ਮੌਸਮ ਵਿਭਾਗ ਨੇ ਵੀਰਵਾਰ ਨੂੰ ਵੀ ਭਾਰੀ ਮੀਂਹ ਅਤੇ ਤੇਜ਼ ਹਵਾਵਾਂ ਚੱਲਣ ਦੀ ਪੇਸ਼ੀਨਗੋਈ ਕੀਤੀ ਹੈ, ਜਿਸ ਦੇ ਮੱਦੇਨਜ਼ਰ ਕਰਾਚੀ ਦੇ ਮੇਅਰ ਮੁਰਤਜ਼ਾ ਵਹਾਬ ਨੇ ਲੋਕਾਂ ਨੂੰ ਘਰਾਂ ਵਿੱਚ ਰਹਿਣ ਅਤੇ ਬੇਲੋੜੀ ਯਾਤਰਾ ਤੋਂ ਬਚਣ ਦੀ ਸਲਾਹ ਦਿੱਤੀ ਹੈ

ਮੀਂਹ ਕਾਰਨ ਸ਼ਹਿਰ ਦੇ ਦਰਜਨਾਂ ਬਿਜਲੀ ਫੀਡਰ ਟ੍ਰਿਪ ਕਰ ਗਏ ਹਨ, ਜਿਸ ਨਾਲ ਵੱਡਾ ਹਿੱਸਾ ਹਨੇਰੇ ਵਿੱਚ ਡੁੱਬ ਗਿਆ ਹੈ ਕਰਾਚੀ ਤੋਂ ਇਲਾਵਾ ਸਿੰਧ ਦੇ ਹੋਰਨਾਂ ਜ਼ਿਲ੍ਹਿਆਂ ਜਿਵੇਂ ਹੈਦਰਾਬਾਦ, ਜਾਮਸ਼ੋਰੋ ਅਤੇ ਦਾਦੂ ਵਿੱਚ ਵੀ ਅਗਲੇ ਦੋ ਦਿਨਾਂ ਤੱਕ ਮੀਂਹ ਅਤੇ ਗੜੇਮਾਰੀ ਹੋਣ ਦੀ ਸੰਭਾਵਨਾ ਜਤਾਈ ਗਈ ਹੈ।

## ਪੈਂਟਾਗਨ ਨੇ ਈਰਾਨ ਯੁੱਧ ਲਈ ਕੀਤੀ 200 ਬਿਲੀਅਨ ਡਾਲਰ ਦੇ ਵਾਧੂ ਫੰਡ ਦੀ ਮੰਗ

**ਵਾਸ਼ਿੰਗਟਨ** - ਪੈਂਟਾਗਨ ਈਰਾਨ ਯੁੱਧ ਲਈ 200 ਬਿਲੀਅਨ ਡਾਲਰ ਦੇ ਵਾਧੂ ਫੰਡ ਦੀ ਮੰਗ ਕਰ ਰਿਹਾ ਹੈ ਇਕ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ ਨਿੱਜੀ ਜਾਣਕਾਰੀ ‘ਤੇ ਚਰਚਾ ਕਰਨ ਲਈ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ‘ਤੇ ਇਸ ਅਧਿਕਾਰੀ ਨੇ ਦੱਸਿਆ ਕਿ ਵਿੱਤ ਵਿਭਾਗ ਨੇ ਵ੍ਹਾਈਟ ਹਾਊਸ ਨੂੰ ਇਸ ਬਾਰੇ ਬੇਨਤੀ ਕੀਤੀ ਹੈ ਇਹ ਇਕ ਬਹੁਤ ਹੀ ਵੱਡੀ ਰਕਮ ਹੈ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵੱਡੇ ਟੈਕਸ ਕਟੌਤੀ ਬਿੱਲ ‘ਚ ਪਿਛਲੇ ਸਾਲ ਪਹਿਲਾਂ ਹੀ ਪ੍ਰਾਪਤ ਹੋਏ ਰੱਖਿਆ ਵਿਭਾਗ ਦੇ ਵਾਧੂ ਫੰਡਿੰਗ ਦੇ ਸਿਖਰ ‘ਤੇ ਆਉਂਦੀ ਹੈ ਕਾਂਗਰਸ ਇਕ ਨਵੀਂ ਖਰਚ ਬੇਨਤੀ ਲਈ ਤਿਆਰੀ ਕਰ ਰਹੀ ਹੈ ਪਰ ਇਹ ਸਪੱਸ਼ਟ ਨਹੀਂ ਹੈ ਕਿ ਵ੍ਹਾਈਟ ਹਾਊਸ ਨੇ ਵਿਚਾਰ ਲਈ ਬੇਨਤੀ ਭੇਜੀ ਹੈ ਇਹ ਸਪੱਸ਼ਟ ਨਹੀਂ ਹੈ ਕਿ ਖਰਚ ਬੇਨਤੀ ਦਾ ਸਮਰਥਨ ਹੋਵੇਗਾ ਨਵੀਂ ਫੰਡਿੰਗ ਬੇਨਤੀ ਦੀ ਰਿਪੋਰਟ ਸਭ ਤੋਂ ਪਹਿਲਾਂ ਦ ਵਾਸ਼ਿੰਗਟਨ ਪੋਸਟ ਦੁਆਰਾ ਕੀਤੀ ਗਈ ਸੀ। ਵੀਰਵਾਰ ਨੂੰ ਇਕ ਪ੍ਰੈਸ ਕਾਨਫਰੰਸ ‘ਚ ਇਸ ਅੰਕੜੇ ਬਾਰੇ ਪੁੱਛੇ ਜਾਣ ‘ਤੇ, ਰੱਖਿਆ ਸਕੱਤਰ ਪੀਟ ਹੇਗਸੇਥ ਨੇ ਸਿੱਧੇ ਤੌਰ ‘ਤੇ ਇਸ ਅੰਕੜੇ ਦੀ ਪੁਸ਼ਟੀ ਨਹੀਂ ਕੀਤੀ, ਇਹ ਕਹਿੰਦੇ ਹੋਏ ਕਿ ਇਹ ਬਦਲ ਸਕਦਾ ਹੈ ਪਰ ਉਨ੍ਹਾਂ ਕਿਹਾ ਕਿ “ਅਸੀਂ ਕਾਂਗਰਸ ਅਤੇ ਉੱਥੇ ਆਪਣੇ ਲੋਕਾਂ ਕੋਲ ਵਾਪਸ ਜਾ ਰਹੇ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਨੂੰ ਸਹੀ ਢੰਗ ਨਾਲ ਫੰਡ ਮਿਲੇ” ਹੇਗਸੇਥ ਨੇ ਕਿਹਾ, “ਬੁਰੇ ਲੋਕਾਂ ਨੂੰ ਮਾਰਨ ਲਈ ਪੈਸੇ ਦੀ ਲੋੜ ਹੁੰਦੀ ਹੈ।



## ਮੇਰੇ ਪਰਿਵਾਰ ਤੇ ਮੈਨੂੰ ਜੋ ਪਰੇਸਾਨੀ ਦਾ ਸਾਹਮਣਾ ਕਰਨਾ ਪਿਆ, ਉਸ ਦੀ ਭਰਪਾਈ ਕੌਣ ਕਰੇਗਾ - ਐਲਵਿਸ਼ ਯਾਦਵ

**ਲਖਨਊ :** ਸੁਪਰੀਮ ਕੋਰਟ ਵਲੋਂ ਉੱਤਰ ਪ੍ਰਦੇਸ਼ ਦੇ ਨੋਇਡਾ ’ਚ ਇਕ ਰੇਵ ਪਾਰਟੀ ’ਚ ਸੱਪ ਦੇ ਜਹਿਰ ਦੀ ਕਥਿਤ ਵਰਤੋਂ ਦੇ ਸੰਬੰਧ ’ਚ ਯੂਟਿਊਬਰ ਐਲਵਿਸ਼ ਯਾਦਵ ਖਿਲਾਫ ਐਫ.ਆਈ.ਆਰ. ਰੱਦ ਹੋਣ ਤੋਂ ਬਾਅਦ ਯੂਟਿਊਬਰ ਨੇ ਕਿਹਾ ਕਿ ਸਾਨੂੰ ਹਮੇਸ਼ਾ ਸਾਡੀ ਨਿਆਂ ਪ੍ਰਣਾਲੀ ’ਚ ਵਿਸਵਾਸ ਰਿਹਾ ਹੈ। ਹਾਲਾਂਕਿ, ਉਸਨੇ ਪੁੱਛਿਆ ਕਿ ਉਸਨੂੰ ਅਤੇ ਉਸਦੇ ਪਰਿਵਾਰ ਨੂੰ ਜੋ ਪਰੇਸਾਨੀ ਦਾ ਸਾਹਮਣਾ ਕਰਨਾ ਪਿਆ, ਉਸਦੀ ਭਰਪਾਈ ਕੌਣ ਕਰੇਗਾ।



ਯਾਦਵ, ਜੋ ਇਕ ਯੂਟਿਊਬਰ ਹਨ, ਉੱਤੇ ਨਵੰਬਰ 2023 ’ਚ ਮਾਮਲਾ ਦਰਜ ਕੀਤਾ ਗਿਆ ਸੀ ਅਤੇ 17 ਮਾਰਚ, 2024 ਨੂੰ ਨੋਇਡਾ ਪੁਲਿਸ ਦੁਆਰਾ ਇਕ ਰੇਵ ਪਾਰਟੀ ’ਚ ਮਨੋਰੰਜਕ ਨਸੀਲੇ ਪਦਾਰਥ ਵਜੋਂ ਸੱਪ ਦੇ ਜਹਿਰ ਦੀ ਸੱਕੀ ਵਰਤੋਂ ਦੀ ਜਾਂਚ ਦੇ ਸੰਬੰਧ ਉਸਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਹ 3 ਨਵੰਬਰ, 2023 ਨੂੰ ਸੈਕਟਰ 49 ਪੁਲਿਸ ਸਟੇਸਨ ’ਚ ਦਰਜ ਕੀਤੀ ਗਈ ਐਫ.ਆਈ.ਆਰ. ’ਚ ਨਾਮਜਦ ਛੇ ਲੋਕਾਂ ’ਚ ਸਾਮਲ ਸੀ।

ਸੁਪਰੀਮ ਕੋਰਟ ਨੇ ਵੀਰਵਾਰ ਨੂੰ ਯਾਦਵ ਵਿਰੁੱਧ ਐਫ.ਆਈ.ਆਰ. ਅਤੇ ਬਾਅਦ ’ਚ ਕਾਰਵਾਈ ਰੱਦ ਕਰ ਦਿੱਤੀ। 2023 ’ਚ ਉੱਤਰ ਪ੍ਰਦੇਸ ਪੁਲਿਸ ਵਲੋਂ ਦਰਜ ਕੀਤੇ ਗਏ ਸੱਪ ਦੇ ਜਹਿਰ ਦੇ ਮਾਮਲੇ ’ਚ ਜੰਗਲੀ ਜੀਵ (ਸੁਰੱਖਿਆ) ਐਕਟ ਅਧੀਨ ਜਸਟਿਸ ਐਮ. ਐਮ. ਸੁੰਦਰੇਸ ਅਤੇ ਐਨ. ਕੋਟੀਸਵਰ ਸਿੰਘ ਦੇ ਬੈਂਚ ਨੇ ਕਿਹਾ ਕਿ ਇਸ ਮਾਮਲੇ ਨੂੰ ਬਰਕਰਾਰ ਨਹੀਂ ਰੱਖਿਆ ਜਾ ਸਕਦਾ, ਕਿਉਂਕਿ ਜੰਗਲੀ ਜੀਵ (ਸੁਰੱਖਿਆ) ਐਕਟ ਤਹਿਤ ਸਿਕਾਇਤ ਕਿਸੇ ਅਧਿਕਾਰਤ ਵਿਅਕਤੀ ਦੁਆਰਾ ਦਾਇਰ ਨਹੀਂ ਕੀਤੀ ਗਈ ਸੀ।

# ਯੂਰਪੀ ਦੇਸਾਂ ਨੇ ਹੋਰਮੁਜ ਵਿਚ ਜਹਾਜਾਂ ’ਤੇ ਈਰਾਨੀ ਹਮਲਿਆਂ ਦੀ ਨਿੰਦਾ ਕੀਤੀ, ਸੁਰੱਖਿਅਤ ਨੇਵੀਗੇਸਨ ਦੀ ਕੀਤੀ ਮੰਗ

**ਲੰਡਨ (ਯੂ.ਕੇ.) —** ਯੂਨਾਈਟਿਡ ਕਿੰਗਡਮ, ਫਰਾਂਸ, ਜਰਮਨੀ, ਇਟਲੀ, ਨੀਦਰਲੈਂਡ ਅਤੇ ਜਾਪਾਨ ਦੇ ਨੇਤਾਵਾਂ ਨੇ ਖਾੜੀ ਵਿਚ ਨਿਹੱਥੇ ਵਪਾਰਕ ਜਹਾਜਾਂ ਅਤੇ ਨਾਗਰਿਕ ਬੁਨਿਆਦੀ ਢਾਂਚੇ, ਜਿਸ ਵਿਚ ਤੇਲ ਅਤੇ ਗੈਸ ਸਥਾਪਨਾਵਾਂ ਸ਼ਾਮਿਲ ਹਨ, ‘ਤੇ ਈਰਾਨੀ ਹਮਲਿਆਂ ਦੀ ਨਿੰਦਾ ਕੀਤੀ ਕਿਉਂਕਿ ਖੇਤਰ ਵਿਚ ਟਕਰਾਅ ਵਧਦਾ ਜਾ ਰਿਹਾ ਹੈ। ਯੂਰਪੀ ਦੇਸਾਂ, ਜਾਪਾਨ ਨੇ ਹੋਰਮੁਜ ਵਿਚ ਜਹਾਜਾਂ ‘ਤੇ ਈਰਾਨੀ ਹਮਲਿਆਂ ਦੀ ਨਿੰਦਾ ਕੀਤੀ। ਬਿਆਨ ਵਿਚ ਈਰਾਨ ਦੀਆਂ ਕਾਰਵਾਈਆਂ ਦੇ ਵਿਸਵਵਿਆਪੀ ਪ੍ਰਭਾਵ, ਖਾਸ ਕਰਕੇ ਸਭ ਤੋਂ ਕਮਜੋਰ ਆਬਾਦੀ ‘ਤੇ ਜੋਰ ਦਿੱਤਾ ਗਿਆ ਹੈ, ਅਤੇ ਨਾਗਰਿਕ ਬੁਨਿਆਦੀ ਢਾਂਚੇ ਨੂੰ ਨਿਸਾਨਾ ਬਣਾਉਣ ਵਾਲੇ ਹਮਲਿਆਂ ‘ਤੇ ਤੁਰੰਤ ਰੋਕ ਲਗਾਉਣ ਦੀ ਮੰਗ ਕੀਤੀ ਗਈ ਹੈ। ਦੇਸਾਂ ਨੇ ਹੋਰਮੁਜ ਜਲਡਮਰੂ ਰਾਹੀਂ ਸੁਰੱਖਿਅਤ ਰਸਤਾ ਯਕੀਨੀ ਬਣਾਉਣ ਦੇ ਯਤਨਾਂ ਵਿਚ ਯੋਗਦਾਨ ਪਾਉਣ ਦੀ ਤਿਆਰੀ ਪ੍ਰਗਟ ਕੀਤੀ ਅਤੇ ਹੋਰ ਦੇਸਾਂ ਦੁਆਰਾ ਤਿਆਰੀ ਯੋਜਨਾਬੰਦੀ ਦਾ ਸਵਾਗਤ ਕੀਤਾ।



ਯੂਐਨਐਸਸੀ ਮਤਾ 2817 ਦੇ ਅਨੁਸਾਰ, ਅਸੀਂ ਇਸ ਗੱਲ ‘ਤੇ ਜੋਰ ਦਿੰਦੇ ਹਾਂ ਕਿ ਅੰਤਰਰਾਸਟਰੀ ਸਿਪਿੰਗ ਵਿਚ ਅਜਿਹੀ ਦਖਲਅੰਦਾਜੀ ਅਤੇ ਵਿਸਵਵਿਆਪੀ ਊਰਜਾ ਸਪਲਾਈ ਲੜੀ ਵਿਚ ਵਿਘਨ ਅੰਤਰਰਾਸਟਰੀ ਸਾਂਤੀ ਅਤੇ ਸੁਰੱਖਿਆ ਲਈ ਖਤਰਾ ਹੈ।

ਹੋਰਮੁਜ ਜਲਡਮਰੂ ਇਕ ਮਹੱਤਵਪੂਰਨ ਆਵਾਜਾਈ ਰਸਤਾ ਹੈ ਜੋ ਆਮ ਤੌਰ ‘ਤੇ ਪ੍ਰਤੀ ਦਿਨ 15 ਮਿਲੀਅਨ ਬੈਰਲ ਕੱਚੇ ਤੇਲ ਅਤੇ ਪ੍ਰਤੀ ਦਿਨ 5 ਮਿਲੀਅਨ ਬੈਰਲ ਤੇਲ ਉਤਪਾਦਾਂ ਨੂੰ ਸੰਭਾਲਦਾ ਹੈ, ਜੋ ਕਿ ਵਿਸਵਵਿਆਪੀ ਸਮੁੰਦਰੀ ਤੇਲ ਵਪਾਰ ਦਾ ਲਗਭਗ 25 ਪ੍ਰਤੀਸਤ ਦਰਸਾਉਂਦਾ ਹੈ।

Samaj Weekly
ਸਮਾਜ ਵੀਕਲੀ

Editor-in-chief
**Devinder Chander**
+44 7878 456 484

Editor
**Manohar Birdi**
+44 7411 251 804

Managing Editor
**Rajveer Samra**
+44 7412 970 999

**Editorial Office**

**Samaj Weekly**
Samaj Media Enterprise Ltd
Suite 507, Hawthorns House
Halfords Lane, Smethwick,
Birmingham U.K.,B66 1BB
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਭਾਰਤ ਵਿੱਚ ਸਨਿਚਰਵਾਰ ਨੂੰ ਮਨਾਈ ਜਾਵੇਗੀ Eid

**ਭਾਰਤ -** ਦੇਸ ਦੇ ਕਿਸੇ ਵੀ ਹਿੱਸੇ ਵਿੱਚ ਵੀਰਵਾਰ ਸਾਮ ਨੂੰ ਰਮਜਾਨ ਦੇ ਮਹੀਨੇ ਦਾ ਆਖਰੀ ਚੰਦ ਨਾ ਦਿਖਣ ਕਾਰਨ ਹੁਣ ਈਦ-ਉਲ-ਫਿਤਰ 21 ਮਾਰਚ ਸਨਿਚਰਵਾਰ ਵਾਲੇ ਦਿਨ ਮਨਾਈ ਜਾਵੇਗੀ। ਫਤਿਹਪੁਰੀ ਮਸਜਿਦ ਦੇ ਇਮਾਮ ਮੁਫਤੀ ਮਕਰਮ ਅਹਿਮਦ ਨੇ ਦੱਸਿਆ ਕਿ ਰੂਅਤ-ਏ-ਹਲਾਲ ਕਮੇਟੀ ਨੇ ਦੇਸ ਭਰ ਵਿੱਚ ਕਈ ਥਾਵਾਂ ’ਤੇ ਸੰਪਰਕ ਕੀਤਾ ਪਰ ਕਿਤੇ ਵੀ ਚੰਨ ਨਜਰ ਨਹੀਂ ਆਇਆ। ਜਾਮਾ ਮਸਜਿਦ ਦੇ ਨਾਇਬ ਸਾਹੀ ਇਮਾਮ ਸਈਦ ਸਾਬਾਨ ਬੁਖਾਰੀ ਨੇ ਵੀ ਐਲਾਨ ਕੀਤਾ ਹੈ ਕਿ ਸਨਿਚਰਵਾਰ ਨੂੰ ਹੀ ਈਦ ਹੋਵੇਗੀ।

ਇਸ ਫੈਸਲੇ ਤੋਂ ਬਾਅਦ ਹੁਣ ਸੁੱਕਰਵਾਰ ਨੂੰ ਰਮਜਾਨ ਦੇ ਮਹੀਨੇ ਦਾ 30ਵਾਂ ਅਤੇ ਆਖਰੀ ਰੋਜਾ (ਵਰਤ) ਰੱਖਿਆ ਜਾਵੇਗਾ। ਇਸ ਵਾਰ ਰਮਜਾਨ ਦਾ ਮਹੀਨਾ ਪੂਰੇ 30 ਦਿਨਾਂ ਦਾ ਰਿਹਾ ਹੈ ਜਦੋਂ ਕਿ ਪਿਛਲੇ ਸਾਲ ਇਹ 29 ਦਿਨਾਂ ਦਾ ਸੀ। ਇਸਲਾਮਿਕ ਕੈਲੰਡਰ ਅਨੁਸਾਰ ਨਵੇਂ ਮਹੀਨੇ ਦੀ ਸੁਰੂਆਤ ਚੰਦ ਦੇ ਦਿਖਣ ’ਤੇ ਨਿਰਭਰ ਕਰਦੀ ਹੈ ਜਿਸ ਕਾਰਨ ਮਹੀਨਾ 29 ਜਾਂ 30 ਦਿਨਾਂ ਦਾ ਹੋ ਸਕਦਾ ਹੈ।

ਇਮਾਮ ਮਕਰਮ ਅਹਿਮਦ ਨੇ ਈਦ ਨੂੰ ਭਾਈਚਾਰੇ ਅਤੇ ਸਦਭਾਵਨਾ ਦਾ ਪ੍ਰਤੀਕ ਦੱਸਿਆ ਹੈ। ਉਨ੍ਹਾਂ ਨੇ ਦੇਸ ਵਾਸਿਆਂ ਲਈ ਦੁਆ ਕੀਤੀ ਕਿ ਭਾਰਤ ਵਿੱਚ ਆਪਸੀ ਪਿਆਰ ਅਤੇ ਏਕਤਾ ਹਮੇਸਾ ਬਣੀ ਰਹੇ। ਈਦ-ਉਲ-ਫਿਤਰ ਰਮਜਾਨ ਦੇ ਪਵਿੱਤਰ ਮਹੀਨੇ ਦੌਰਾਨ ਰੱਖੇ ਗਏ ਰੋਜਿਆਂ ਦੀ ਸਮਾਪਤੀ ਦਾ ਜਸਨ ਹੈ, ਜਿਸ ਵਿੱਚ ਲੋਕ ਸੂਰਜ ਚੜ੍ਹਨ ਤੋਂ ਲੈ ਕੇ ਸੂਰਜ ਡੁੱਬਣ ਤੱਕ ਕੁਝ ਵੀ ਖਾਣ-ਪੀਣ ਤੋਂ ਪਰਹੇਜ ਕਰਦੇ ਹਨ।



# ਲਗਾਤਾਰ ਪੈ ਰਹੇ ਮੀਂਹ ਨੇ ਕਿਸਾਨਾਂ ਦੇ ਸਾਹ ਸੂਤੇ




**ਦੋਰਾਹਾ -** ਪੰਜਾਬ ਵਿਚ ਮੌਸਮ ਇਕ ਵਾਰੀ ਫਿਰ ਤੋਂ ਫਸਲਾਂ ਦੇ ਲਈ ਨੁਕਸਾਨਦੇਹ ਨਜਰ ਆ ਰਿਹਾ ਹੈ। ਪਿਛਲੇ ਦਿਨਾਂ ਤੋਂ ਬਣੀ ਬੱਦਲਵਾਈ ਕਾਰਨ ਲਗਾਤਾਰ ਕਣੀਆਂ ਪੈ ਰਹੀਆਂ ਹਨ। ਭਾਵੇਂ ਪਿਛਲੇ 24, 25 ਤਰੀਕ ਤੋਂ ਵੀ ਕਣੀਆਂ ਪੈਂਦੀਆਂ ਰਹੀਆਂ ਸਨ ਪਰ ਵਿਚਕਾਰ ਦੋ ਕੁ ਦਿਨ ਧੁੱਪ ਨਿਕਲਣ ਕਾਰਨ ਕਿਸਾਨਾਂ ਨੇ ਕੁਝ ਹੌਸਲਾ ਸੁਖ ਦਾ ਸਾਹ ਲਿਆ ਸੀ। ਇਸ ਸਮੇਂ ਪੈ ਰਿਹਾ ਮੀਂਹ ਖੇਤੀ ਦੇ ਲਈ ਬਹੁਤ ਹੀ ਨੁਕਸਾਨਦੇਹ ਹੈ। ਜਿਸ ’ਚ ਨਿਸਰੀ ਹੋਈ ਪੱਕਣ ’ਤੇ ਆਈ ਕਣਕ, ਸਰ੍ਹੋਂ, ਛੋਲੇ, ਜੌਂ ਆਦਿ ਅਤੇ ਪੁੱਟਣੋਂ ਰਹਿ ਗਏ ਆਲੂ, ਇਸ ਦੇ ਨੁਕਸਾਨ ਦੇ ਘੇਰੇ ਵਿਚ ਹਨ। ਮੀਹ ਅਤੇ ਹਨੇਰੀ ਕਣਕ, ਜੌਂ, ਸਰ੍ਹੋਂ ਲਈ ਖਾਸ ਕਰਕੇ ਘਾਤਕ ਹੈ, ਕਿਉਂਕਿ ਇਸ ਹਵਾ ਨਾਲ ਇਹ ਉੱਚੀਆਂ ਫਸਲਾਂ ਵਿਛ ਜਾਣਗੀਆਂ। ਇਸੇ ਤਰ੍ਹਾਂ ਜਿਸਦੇ ਆਲੂ ਪੁੱਟਣ ਨੂੰ ਰਹਿ ਗਏ, ਉਸ ਕਿਸਾਨ ਦਾ ਵੀ ਭਾਰੀ ਨੁਕਸਾਨ ਹੋ ਸਕਦਾ ਹੈ। ਕਿਉਂਕਿ ਲਗਾਤਾਰ ਮੀਂਹ ਪੈਣ ਨਾਲ ਆਲੂ ਅਜੇ ਹੋਰ ਕਈ ਦਿਨ ਨਹੀਂ ਪੁੱਟੇ ਜਾ ਸਕਣਗੇ ਤਾਂ ਵੱਟਾਂ ਵਿਚ ਹੀ ਗਲ ਜਾਣਗੇ।

# ਭਾਰਤੀ ਬਜ਼ਾਰ 'ਚ ਮੱਚੀ ਹਾਹਾਕਾਰ, 1 ਘੰਟੇ 'ਚ 7,60,00,00,00,000 ਦਾ ਨੁਕਸਾਨ, ਨਿਵੇਸ਼ਕਾਂ ਦੇ ਸੁੱਕੇ ਸਾਹ; ਜਾਣੋ ਕਿਉਂ ਡਿੱਗਿਆ ਇੰਨਾ ਬਜ਼ਾਰ

**ਨਈ ਦਿਲੀ** — ਭਾਰਤੀ ਸਟਾਕ ਮਾਰਕੀਟ ਵਿੱਚ ਵੀਰਵਾਰ, 19 ਮਾਰਚ ਨੂੰ ਭਾਰੀ ਗਿਰਾਵਟ ਦੇਖਣ ਨੂੰ ਮਿਲੀ ਵਿਕਾਵਲੀ ਦਾ ਮਾਹੌਲ ਕੁਝ ਇਦਾਂ ਦਾ ਰਿਹਾ ਕਿ ਨਿਵੇਸ਼ਕਾਂ ਦਾ ਬਾਜ਼ਾਰ ਖੁੱਲ੍ਹਣ ਦੇ ਸਿਰਫ਼ ਇੱਕ ਘੰਟੇ ਦੇ ਅੰਦਰ-ਅੰਦਰ ਲਗਭਗ 7.6 ਲੱਖ ਕਰੋੜ ਦਾ ਨੁਕਸਾਨ ਹੋ ਗਿਆ BSE-ਸੂਚੀਬੱਧ ਕੰਪਨੀਆਂ ਦਾ ਕੁੱਲ ਬਾਜ਼ਾਰ ਪੂੰਜੀਕਰਨ ਬੁੱਧਵਾਰ ਦੇ 438.63 ਟ੍ਰਿਲੀਅਨ ਦੇ ਬੰਦ ਮੁੱਲ ਤੋਂ ਡਿੱਗ ਕੇ 430.99 ਟ੍ਰਿਲੀਅਨ ਹੋ ਗਿਆ ।

ਦੋਵੇਂ ਬੈਂਚਮਾਰਕ ਸੂਚਕਾਂਕ ਸ਼ੁਰੂਆਤੀ ਕਾਰੋਬਾਰ ਵਿੱਚ 2% ਤੋਂ ਵੱਧ ਡਿੱਗ ਗਏ ਸਵੇਰੇ 9:23 ਵਜੇ ਦੇ ਕਰੀਬ, BSE ਸੈਂਸੈਕਸ 1,548.85 ਅੰਕ ਡਿੱਗ ਕੇ 75,155.28 'ਤੇ ਆ ਗਿਆ, ਜਦੋਂ ਕਿ NSE ਨਿਫਟੀ 50 458.35 ਅੰਕ ਡਿੱਗ ਕੇ 23,319.45 'ਤੇ ਆ ਗਿਆ ਅੱਜ ਬਾਜ਼ਾਰ ਵਿੱਚ ਇਸ ਗਿਰਾਵਟ ਦੇ ਸਿਰਫ਼ ਇੱਕ ਨਹੀਂ ਸਗੋਂ ਕਈ ਕਾਰਨ ਹਨ ਇਨ੍ਹਾਂ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ, ਮੱਧ ਪੂਰਬ ਵਿੱਚ ਵਧਦਾ ਤਣਾਅ, ਵਿਦੇਸ਼ੀ ਨਿਵੇਸ਼ਕਾਂ ਦਾ ਲਗਾਤਾਰ ਬਾਹਰ ਜਾਣਾ ਅਤੇ ਕਮਜ਼ੋਰ ਵਿਸ਼ਵ ਸੰਕੇਤ ਸ਼ਾਮਲ ਹਨ।



**ਕਿਉਂ ਡਿੱਗਿਆ ਸ਼ੇਅਰ ਬਜ਼ਾਰ**

ਪੱਛਮੀ ਏਸ਼ੀਆ ਵਿੱਚ ਵਧਦਾ ਤਣਾਅ ਸਟਾਕ ਮਾਰਕੀਟ ਵਿੱਚ ਗਿਰਾਵਟ ਦਾ ਇੱਕ ਵੱਡਾ ਕਾਰਨ ਹੈ ਈਰਾਨ ਨੇ ਕਤਰ ਦੇ ਰਾਸ ਲਾਫਾਨ ਇੰਡਸਟਰੀਅਲ ਸਿਟੀ, ਸਾਊਦੀ ਅਰਬ ਦੀ ਰਾਸ ਤਨੂਰਾ ਰਿਫਾਇਨਰੀ ਅਤੇ ਜੁਬੈਲ ਪੈਟਰੋਕੈਮੀਕਲ ਕੰਪਲੈਕਸ ਅਤੇ ਸੰਯੁਕਤ ਅਰਬ ਅਮੀਰਾਤ ਦੇ ਹਬਸ਼ਾਨ ਗੈਸ ਕੇਂਦਰ ਨੂੰ ਨਿਸ਼ਾਨਾ ਬਣਾਇਆ ਇਸ ਦੌਰਾਨ, ਇਜ਼ਰਾਈਲ ਨੇ ਈਰਾਨ ਦੇ ਦੱਖਣੀ ਪਾਰਸ ਗੈਸ ਖੇਤਰ 'ਤੇ ਵੀ ਹਵਾਈ ਹਮਲੇ ਕੀਤੇ ਇਹ ਸਾਰੇ ਊਰਜਾ ਬੁਨਿਆਦੀ ਢਾਂਚੇ ਹਨ ਇਨ੍ਹਾਂ ਖੇਤਰਾਂ ਨੂੰ ਹੋਏ ਨੁਕਸਾਨ ਨਾਲ ਊਰਜਾ ਸੰਕਟ ਹੋਰ ਵਧਣ ਦੀ ਸੰਭਾਵਨਾ ਹੈ।

ਜਿਵੇਂ-ਜਿਵੇਂ ਜੰਗ ਤੇਜ਼ ਹੁੰਦੀ ਜਾ ਰਹੀ ਹੈ, ਕੱਚੇ ਤੇਲ ਦੀਆਂ ਕੀਮਤਾਂ ਵੱਧ ਰਹੀਆਂ ਹਨ ਬ੍ਰੈਂਟ ਕੱਚੇ ਤੇਲ ਦੀਆਂ ਕੀਮਤਾਂ 111-112 ਡਾਲਰ ਪ੍ਰਤੀ ਬੈਰਲ ਨੂੰ ਪਾਰ ਕਰ ਗਈਆਂ ਹਨ ਭਾਰਤ ਆਪਣੀਆਂ ਤੇਲ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਦਰਾਮਦਾਂ 'ਤੇ ਬਹੁਤ ਜ਼ਿਆਦਾ ਨਿਰਭਰ ਹੈ ਇਸ ਲਈ, ਵਧਦੀਆਂ ਕੀਮਤਾਂ ਵੀ ਮਹਿੰਗਾਈ ਦਾ ਖ਼ਤਰਾ ਹਨ।

18 ਮਾਰਚ ਨੂੰ 8463 ਬੈਂਕ ਦੇ ਪਾਰਟ-ਟਾਈਮ ਚੇਅਰਮੈਨ ਅਤਨੂ ਚੱਕਰਵਰਤੀ ਦਾ ਅਸਤੀਫਾ ਬਾਜ਼ਾਰ ਲਈ ਇੱਕ ਵੱਡਾ ਝਟਕਾ ਸੀ ਇਸ ਨਾਲ ਨਿਵੇਸ਼ਕਾਂ ਦਾ ਭਰੋਸਾ ਡਗਮਗਾਇਆ, ਬਿਕਾਵਲੀ ਵਧੀ ਅਤੇ 8-9% ਦੀ ਗਿਰਾਵਟ ਦਾ ਕਾਰਨ ਬਣਿਆ ਸ਼ੇਅਰਾਂ ਵਿੱਚ ਗਿਰਾਵਟ ਦੇ ਨਤੀਜੇ ਵਜੋਂ ਬੈਂਕ ਦੇ ਬਾਜ਼ਾਰ ਪੂੰਜੀਕਰਨ ਨੂੰ ਲਗਭਗ 1 ਲੱਖ ਕਰੋੜ ਦਾ ਨੁਕਸਾਨ ਹੋਇਆ।

ਅਮਰੀਕੀ ਫੈਡਰਲ ਰਿਜ਼ਰਵ ਨੇ ਵੀ ਭਵਿੱਖ ਵਿੱਚ ਇੱਕ ਸਖ਼ਤ ਰੁਖ਼ ਅਪਣਾਉਣ ਦਾ ਸੰਕੇਤ ਦਿੱਤਾ ਹੈ, ਜਿਸ ਨਾਲ ਵਿਆਜ ਦਰਾਂ ਵਿੱਚ ਕੋਈ ਬਦਲਾਅ ਨਹੀਂ ਆਇਆ ਇਸ ਨਾਲ ਵਿਸ਼ਵ ਬਾਜ਼ਾਰਾਂ ਵਿੱਚ ਵਿਕਰੀ ਵਧੀ

ਅੱਜ, ਭਾਰਤੀ ਰੁਪਿਆ ਵੀ ਅਮਰੀਕੀ ਡਾਲਰ ਦੇ ਮੁਕਾਬਲੇ 93.38 ਦੇ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਿਆ ਇਸ ਗਿਰਾਵਟ ਨੇ ਵਿਦੇਸ਼ੀ ਨਿਵੇਸ਼ਕਾਂ ਵਿੱਚ ਘਬਰਾਹਟ ਪੈਦਾ ਕਰ ਦਿੱਤੀ, ਜਿਸ ਕਾਰਨ ਬਾਜ਼ਾਰ ਵਿੱਚ ਵਿਕਰੀ ਵਧ ਗਈ ਬੈਂਕਿੰਗ ਤੋਂ ਲੈ ਕੇ ਆਟੋ, ਆਈਟੀ ਤੋਂ ਲੈ ਕੇ ਐਫਐਮਸੀਜੀ ਤੱਕ, ਸਾਰਿਆਂ ਨੂੰ ਨੁਕਸਾਨ ਹੋਇਆ।

# Electricity ਵਿਭਾਗ ਦੀ ਗਲਤੀ ਕਾਰਨ 6 ਸਾਲ ਦੀ ਬੱਚੀ ਦਾ ਕੱਟਣਾ ਪਿਆ ਸੀ ਹੱਥ, ਹੁਣ ਮਿਲੇਗਾ 1 ਕਰੋੜ ਰੁਪਏ ਦਾ ਮੁਆਵਜ਼ਾ

**ਹਰਿਆਣਾ** - ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਵੱਡਾ ਫ਼ੈਸਲਾ ਸਣਾਉਂਦੇ ਹੋਏ 10 ਸਾਲਾ ਬੱਚੀ ਨੂੰ 1 ਕਰੋੜ ਰੁਪਏ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ ਇਹ ਬੱਚੀ ਹਰਿਆਣਾ ਦੇ ਮਹਿੰਦਰਗੜ੍ਹ ਜ਼ਿਲ੍ਹੇ ਦੇ ਅਟੇਲੀ ਕਸਬੇ ਦੀ ਰਹਿਣ ਵਾਲੀ ਹੈ ਬੱਚੀ ਚਾਰ ਸਾਲ ਪਹਿਲਾਂ ਆਪਣੇ ਘਰ ਦੇ ਨੇੜੇ ਲੰਘਦੀ 11 ਕੇਵੀ ਹਾਈ-ਟੈਂਸ਼ਨ ਤਾਰ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਗੰਭੀਰ ਰੂਪ ਵਿੱਚ ਝੁਲਸ ਗਈ ਸੀ ਡਾਕਟਰਾਂ ਨੂੰ ਉਸਦਾ ਸੱਜਾ ਹੱਥ ਕੱਟਣਾ ਪਿਆ, ਜਿਸ ਨਾਲ ਉਹ 92 ਪ੍ਰਤੀਸ਼ਤ ਅਪਾਹਜ ਹੋ ਗਈ ਹਾਦਸੇ ਸਮੇਂ ਉਹ ਸਿਰਫ 6 ਸਾਲ ਦੀ ਸੀ ਇਸ ਮਾਮਲੇ ਦੀ ਸੁਣਵਾਈ ਜਸਟਿਸ ਹਰਸਿਮਰਨ ਸਿੰਘ ਸੇਠੀ ਅਤੇ ਜਸਟਿਸ ਵਿਕਾਸ ਸੂਰੀ ਦੇ ਡਿਵੀਜ਼ਨ ਬੈਂਚ ਨੇ ਕੀਤੀ



**ਕਿਵੇਂ ਹੋਇਆ ਸੀ ਹਾਦਸਾ**

ਅਦਾਲਤ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਲੜਕੀ ਨੂੰ ਧਾਰਾ 21 ਦੇ ਤਹਿਤ ਇੱਕ ਸਿਹਤਮੰਦ, ਖੁਸ਼ਹਾਲ ਅਤੇ ਸਨਮਾਨਜਨਕ ਜੀਵਨ ਦਾ ਪੂਰਾ ਅਧਿਕਾਰ ਹੈ ਅਦਾਲਤ ਨੇ ਇਹ ਵੀ ਮੰਨਿਆ ਕਿ ਇਹ ਹਾਦਸਾ ਉਸਦੀ ਜ਼ਿੰਦਗੀ ਭਰ ਦੀਆਂ ਸਰੀਰਕ ਅਤੇ ਮਾਨਸਿਕ ਚੁਣੌਤੀਆਂ ਦਾ ਕਾਰਨ ਬਣੇਗਾ ਜਿਵੇਂ-ਜਿਵੇਂ ਉਹ ਵੱਡੀ ਹੁੰਦੀ ਹੈ, ਉਹ ਆਪਣੀ ਤੁਲਨਾ ਦੂਜੇ ਬੱਚਿਆਂ ਨਾਲ ਕਰੇਗੀ, ਜਿਸ ਨਾਲ ਉਸਨੂੰ ਲਗਾਤਾਰ ਬੇਅਰਾਮੀ ਅਤੇ ਮਾਨਸਿਕ ਤਣਾਅ ਹੋਵੇਗਾ

ਦੱਸ ਦੇਈਏ ਕਿ ਜਾਂਚ ਵਿੱਚ ਪਤਾ ਲੱਗਾ ਕਿ ਘਰ ਦੀ ਬਾਲਕੋਨੀ ਦੇ ਬਹੁਤ ਨੇੜੇ ਤੋਂ ਇੱਕ ਹਾਈ-ਟੈਂਸ਼ਨ ਲਾਈਨ ਲੰਘਦੀ ਸੀ ਪਰਿਵਾਰ ਵੱਲੋਂ ਵਾਰ-ਵਾਰ ਸ਼ਿਕਾਇਤਾਂ ਕਰਨ ਦੇ ਬਾਵਜੂਦ ਇਸਨੂੰ ਹਟਾਉਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ਬਿਜਲੀ ਐਕਟ ਦੇ ਤਹਿਤ ਕੀਤੀ ਗਈ ਜਾਂਚ ਵਿੱਚ ਦੱਖਣੀ ਹਰਿਆਣਾ ਬਿਜਲੀ ਵੰਡ ਨਿਗਮ ਲਿਮਟਿਡ ਨੂੰ ਹਾਦਸੇ ਲਈ ਜ਼ਿੰਮੇਵਾਰ ਠਹਿਰਾਇਆ ਗਿਆ

**ਬਿਜਲੀ ਕੰਪਨੀ ਨੇ ਦਿੱਤਾ ਸੀ ਇੰਨਾ ਮੁਆਵਜ਼ਾ**

ਹਾਲਾਂਕਿ ਬਿਜਲੀ ਕੰਪਨੀ ਨੇ ਸ਼ੁਰੂ ਵਿੱਚ ਆਪਣੀ ਨੀਤੀ ਦੇ ਤਹਿਤ ਮੁਆਵਜ਼ੇ ਵਜੋਂ 18.9 ਲੱਖ ਦਾ ਭੁਗਤਾਨ ਕੀਤਾ ਸੀ ਪਰ ਅਦਾਲਤ ਨੇ ਇਸਨੂੰ ਨਾਕਾਫ਼ੀ ਦੱਸਿਆ ਬਾਅਦ ਵਿੱਚ ਹਾਈ ਕੋਰਟ ਨੇ ਕੁੱਲ 99.93 ਲੱਖ ਦਾ ਮੁਆਵਜ਼ਾ ਤੈਅ ਕੀਤਾ ਇਸ ਵਿੱਚ ਭਵਿੱਖ ਦੀ ਆਮਦਨ ਦਾ ਨੁਕਸਾਨ, ਡਾਕਟਰੀ ਅਤੇ ਪੁਨਰਵਾਸ ਖਰਚੇ, ਦਰਦ ਅਤੇ ਪੀੜਾ, ਜੀਵਨ ਭਰ ਸਹਾਇਤਾ ਦੀ ਜ਼ਰੂਰਤ, ਨਕਲੀ ਅੰਗ, ਅਤੇ ਹੋਰ ਜ਼ਰੂਰੀ ਦੇਖਭਾਲ, ਅਤੇ ਜੀਵਨ ਦੀ ਸੰਭਾਵਨਾ ਵਿੱਚ ਕਮੀ ਸ਼ਾਮਲ ਸੀ।

# ਜਲੰਧਰ 'ਚ ਇੱਕ ਨੌਜਵਾਨ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ,ਕਾਰ 'ਚੋਂ ਉਤਰਦੇ ਸਮੇਂ ਹਮਲਾਵਰਾਂ ਨੇ ਘੇਰਿਆ

**ਜਲੰਧਰ** - ਜਲੰਧਰ ਜ਼ਿਲ੍ਹੇ ਦੇ ਗੁਰਾਇਆ ਕਸਬੇ ਵਿੱਚ ਕਾਨੂੰਨ ਵਿਵਸਥਾ ਦੀਆਂ ਸ਼ਰੇਆਮ ਧੱਜੀਆਂ ਉਡਾਉਣ ਦਾ ਤਾਜ਼ਾ ਮਾਮਲਾ ਸਾਹਮਣੇ ਆਇਆ ਹੈ ਗੁਰਾਇਆ ਦੇ ਮੁੱਖ ਚੌਂਕ 'ਚ ਕੁੱਝ ਹਮਲਾਵਰਾਂ ਦੇ ਇੱਕ ਨੌਜਵਾਨ ਨੇ ਤੇਜ਼ਧਾਰ ਹਥਿਆਰਾਂ ਨਾਲ ਜਾਨਲੇਵਾ ਹਮਲਾ ਕੀਤਾ ਹੈ ਇਸ ਹਮਲੇ ਵਿੱਚ ਨੌਜਵਾਨ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਸਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

**ਪੁਰਾਣੀ ਰੰਜਿਸ਼ ਕਾਰਨ ਹੋਇਆ ਝਗੜਾ**

ਜ਼ਖਮੀ ਨੌਜਵਾਨ ਦੀ ਪਛਾਣ ਜਸਵਿੰਦਰ ਕੁਮਾਰ ਵਜੋਂ ਹੋਈ ਹੈ, ਜੋ ਕਿ ਰਾਜਗੁਮਲ ਪਿੰਡ ਦੇ ਨਿਵਾਸੀ ਦੇਸਰਾਜ ਦਾ ਪੁੱਤਰ ਹੈ ਪੀੜਤ ਨੇ ਦੱਸਿਆ ਕਿ ਇਹ ਸਾਰਾ ਝਗੜਾ ਇੱਕ ਕੁੜੀ ਨਾਲ ਹੋਈ ਗੱਲਬਾਤ ਨੂੰ ਲੈ ਕੇ ਹੋਇਆ ਸੀ ਇਸ ਮੁੱਦੇ ਨੂੰ ਲੈ ਕੇ ਘਰ ਵਿੱਚ ਪਹਿਲਾਂ ਹੀ ਵਿਵਾਦ ਚੱਲ ਰਿਹਾ ਸੀ।

ਜਦੋਂ ਜਸਵਿੰਦਰ ਆਪਣੀ ਕਾਰ ਵਿੱਚ ਗੁਰਾਇਆ ਦੇ ਮੁੱਖ ਚੌਂਕ 'ਚ ਪਹੁੰਚਿਆ ਤਾਂ ਉਸਨੂੰ ਹਮਲਾਵਰਾਂ ਨੇ ਘੇਰ ਲਿਆ ਜੋ ਘਾਤ ਲਗਾ ਕੇ ਬੈਠੇ ਸਨ ਜਿਵੇਂ ਹੀ ਉਹ ਆਪਣੀ ਗੱਡੀ ਤੋਂ ਬਾਹਰ ਨਿਕਲਿਆ ਤਾਂ ਨੌਜਵਾਨਾਂ ਨੇ ਹਮਲਾ ਕਰ ਦਿੱਤਾ ਹਮਲਾਵਰਾਂ ਨੇ ਉਸਨੂੰ ਡਾਂਗਾ - ਸੋਟੀਆਂ ਨਾਲ ਕੁੱਟਿਆ ਅਤੇ ਫਿਰ ਤੇਜ਼ਧਾਰ ਹਥਿਆਰਾਂ ਨਾਲ ਵਾਰ ਕੀਤੇ, ਜਿਸ ਨਾਲ ਉਹ ਖੂਨ ਨਾਲ ਲੱਥਪੱਥ ਹੋ ਗਿਆ

ਚਸ਼ਮਦੀਦਾਂ ਦੇ ਅਨੁਸਾਰ ਹਮਲਾਵਰ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਭੱਜ ਗਏ ਜ਼ਖਮੀ ਜਸਵਿੰਦਰ ਨੂੰ ਤੁਰੰਤ ਇੱਕ ਨਿੱਜੀ ਐਂਬੂਲੈਂਸ ਦੀ ਮਦਦ ਨਾਲ ਵੱਡਾ ਗਾਓਂ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦਾ ਇਲਾਜ ਚੱਲ ਰਿਹਾ ਹੈ।

**ਪੁਲਿਸ ਦੀ ਗੈਰਹਾਜ਼ਰੀ 'ਤੇ ਉਠੇ ਸਵਾਲ**

ਵਪਾਰੀਆਂ ਦਾ ਕਹਿਣਾ ਹੈ ਕਿ ਪਹਿਲਾਂ ਸ਼ਾਮ ਨੂੰ ਐਸਐਚਓ ਅਤੇ ਹੋਰ ਕਰਮਚਾਰੀ ਨਾਕਾ ਲਗਾ ਕੇ ਖੜੇ ਰਹਿੰਦੇ ਸਨ , ਜਿਸ ਨਾਲ ਸ਼ਰਾਰਤੀ ਅਨਸਰਾਂ ਨੂੰ ਡਰ ਰਹਿੰਦਾ ਸੀ ਪਰ ਕੁਝ ਸਮੇਂ ਤੋਂ ਮੁੱਖ ਚੌਂਕ 'ਚੋਂ ਪੁਲਿਸ ਕਰਮਚਾਰੀ ਗੈਰਹਾਜ਼ਰ ਰਹਿੰਦੇ ਹਨ ਜਿਸ ਕਾਰਨ ਅਪਰਾਧੀਆਂ ਦੇ ਹੌਸਲੇ ਵਧ ਗਏ ਹਨ ਹਾਲਾਂਕਿ ਪੁਲਿਸ ਨੇ ਦੋਸ਼ੀਆਂ ਨੂੰ ਜਲਦੀ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ।

# 2 ਕਾਰਾਂ ਦੀ ਹੋਈ ਟੱਕਰ ਤਿੰਨ ਹੋਏ ਜ਼ਖ਼ਮੀ

## ਇਲਾਜ਼ ਦੇ ਕਰਵਾਇਆ ਭਰਤੀ, ਕਾਰਾਂ ਬੁਰੀ ਤਰ੍ਹਾਂ ਨੁਕਸਾਨੀਆ ਗਈਆਂ, ਜਾਨੀ ਨੁਕਸਾਨ ਦਾ ਬਚਾਅ



**ਨਵਾਂਸ਼ਹਿਰ /ਕਾਠਗੜ੍ਹ 19 ਮਾਰਚ (ਜਤਿੰਦਰ ਪਾਲ ਸਿੰਘ ਕਲੇਰ)** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਪਿੰਡ ਟੌਂਸਾ ਦੇ ਕੱਟ ਤੇ ਦੋ ਕਾਰਾਂ ਦਾ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਦੇ ਇੰਚਾਰਜ ਏ ਐਸ ਆਈ ਕੁਲਦੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਕਿ ਪਿੰਡ ਟੌਂਸਾ ਦੇ ਕੱਟ ਤੇ ਐਕਸੀਡੈਂਟ ਹੋ ਗਿਆ ਤਾਂ ਉਹਨਾਂ ਦੀ ਟੀਮ ਨੇ ਤੁਰੰਤ ਜਾ ਕੇ ਦੇਖਿਆ ਕਿ ਆਲਟੋ ਕਾਰ ਜਿਸ ਦਾ ਨੰਬਰ ਪੀ ਬੀ 12 ਏ ਐਫ 8882 ਜਿਸ ਨੂੰ ਅਸ਼ੀਸ਼ ਕੁਮਾਰ ਪੁੱਤਰ ਸੁੱਖ ਰਾਮ ਵਾਸੀ ਰੋਪੜ੍ਹ ਚਲਾ ਰਿਹਾ ਸੀ ਅਤੇ ਇਸ ਦੇ ਪਿੱਛੇ ਇੱਕ ਮਾਰੂਤੀ ਕਾਰ ਜਿਸ ਦਾ ਨੰਬਰ 3ਐਚ ਪੀ 12 ਡੀ34 61 ਜਿਸ ਨੂੰ ਹਰਸ਼ਜੀਤ ਸੋਨੀ ਪੁੱਤਰ ਹੇਮ ਰਾਜ ਵਾਸੀ ਢਵੋਟਾਂ ਨਾਲਾਗੜ੍ਹ ਹਿਮਾਚਲ ਪ੍ਰਦੇਸ ਚਲਾ ਰਿਹਾ ਸੀ ਇਸ ਦੇ ਨਾਲ 2 ਔਰਤਾਂ ਅਤੇ ਵਿਅਕਤੀ ਕਾਰ ਵਿੱਚ ਸਵਾਰ ਸੀ ਜਦੋਂ ਇਹ ਕਾਰ ਟੌਂਸਾ ਕੱਟ ਕੋਲ ਪਹੁੰਚੀ ਤਾਂ ਅੱਗੇ ਜਾ ਰਹੀ ਆਲਟੋ ਕਾਰ ਵਾਲੇ ਚਾਲਕ ਨੇ ਪਿੱਛੇ ਬਿਨਾਂ ਦੇਖੇ ਕਾਰ ਨੂੰ ਕੱਟ ਦਿੱਤਾ ਜਿਸ ਨਾਲ ਪਿੱਛੇ ਆ ਰਹੀ ਮਾਰੂਤੀ ਕਾਰ ਆਲਟੋ ਨਾਲ ਟਕਰਾ ਗਈ ਜਿਸ ਨਾਲ ਮਾਰੂਤੀ ਕਾਰ ਵਿੱਚ ਸਵਾਰ 2 ਔਰਤਾਂ ਅਤੇ ਇੱਕ ਵਿਅਕਤੀ ਜਖ਼ਮੀ ਹੋ ਗਿਆ ਅਤੇ ਮਾਰੂਤੀ ਕਾਰ ਦਾ ਵਾਲ ਵਾਲ ਬਚਾਅ ਹੋ ਗਿਆ ਅਤੇ ਕਾਰਾਂ ਬੁਰੀ ਤਰ੍ਹਾਂ ਨਾਲ ਨੁਕਸਾਨੀਆ ਗਈਆਂ

ਐਸ ਐਸ ਐਫ ਦੀ ਟੀਮ ਵਲੋਂ ਤਿੰਨਾਂ ਜਖ਼ਮੀਆਂ ਨੂੰ ਆਪਣੀ ਸਰਕਾਰੀ ਗੱਡੀ ਰਾਹੀ ਇਲਾਜ਼ ਲਈ ਰੋਪੜ੍ਹ ਦੇ ਸਰਕਾਰੀ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ। ਅਤੇ ਕਾਰਾਂ ਨੂੰ ਸਾਇਡ ਤੇ ਕਰਵਾ ਕੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਵਾਈਆਂ ਅਤੇ ਇਸ ਹਾਦਸੇ ਦੀ ਸੂਚਨਾ ਥਾਣਾ ਕਾਠਗੜ੍ਹ ਅਤੇ ਕੰਟ੍ਰੋਲਰ ਰੂਮ ਨਵਾਂਸਹਿਰ ਨੂੰ ਦੇ ਦਿੱਤੀ ਗਈ ਹੈ।

## ਜਨਮ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ



### ਮਨਜੋਤ ਸਿੰਘ ਪਨੇਸਰ

ਪਿਤਾ ਮਨਜੀਤ ਸਿੰਘ ਪਨੇਸਰ, ਮਾਤਾ ਇੰਦਰਜੀਤ ਕੌਰ ਪਨੇਸਰ ਵਾਸੀ ਕਾਠਗੜ੍ਹ, ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ

# ਮੀਡੀਆ ਕੌਂਸਲ ਆਫ ਜਰਨਲਿਸਟਸ ਦਾ ਪ੍ਰਤੀਨਿਧ ਮੰਡਲ ਰਾਸਟਰੀ ਸਵਯੰਸੇਵਕ ਸੰਘ ਦੇ ਉੱਤਰੀ ਖੇਤਰ ਪ੍ਰਮੁੱਖ ਪਵਨ ਜਿੰਦਲ ਨਾਲ ਮਿਲਿਆ

## ਸੰਜੇ ਰਾਠੀ ਨੇ ਪਵਨ ਜਿੰਦਲ ਨੂੰ ਅਪੀਲ ਕੀਤੀ ਕਿ ਹਰਿਆਣਾ ਸਰਕਾਰ ਵੱਲੋਂ ਪੱਤਰਕਾਰਾਂ ਲਈ ਘੋਸਿਤ ਕੀਤੀਆਂ ਮੁਫਤ ਸਿਹਤ ਸਹੂਲਤਾਂ ਨੂੰ ਜਲਦੀ ਲਾਗੂ ਕੀਤਾ ਜਾਵੇ

**ਗੁਰੁਗ੍ਰਾਮ, 19 ਮਾਰਚ ਗੁਰਬਿੰਦਰ ਗੁਰੀ** : ਮੀਡੀਆ ਕੌਂਸਲ ਆਫ ਜਰਨਲਿਸਟਸ ਦੇ ਰਾਸਟਰੀ ਪ੍ਰਧਾਨ ਸੰਜੇ ਰਾਠੀ ਨੇ ਰਾਸਟਰੀ ਸਵਯੰਸੇਵਕ ਸੰਘ ਦੇ ਉੱਤਰੀ ਖੇਤਰ ਪ੍ਰਮੁੱਖ ਪਵਨ ਜਿੰਦਲ ਨਾਲ ਉਨ੍ਹਾਂ ਦੇ ਗੁਰੂਗ੍ਰਾਮ ਸਥਿਤ ਨਿਵਾਸ 'ਤੇ ਮੁਲਾਕਾਤ ਕੀਤੀ। ਇਸ ਦੌਰਾਨ ਦੇਸ ਨਿਰਮਾਣ, ਪੱਤਰਕਾਰਾਂ ਦੇ ਹਿਤਾਂ ਅਤੇ ਮੀਡੀਆ ਦੀ ਭੂਮਿਕਾ ਵਰਗੇ ਅਹਿਮ ਮਸਲਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਮੌਕੇ ਮੀਡੀਆ ਕੌਂਸਲ ਆਫ ਜਰਨਲਿਸਟਸ ਦੇ ਰਾਸਟਰੀ ਪ੍ਰਵਕਤਾ ਮਨੋਜ ਗੋਯਲ ਗੁੜਿਆਨੀਆ ਅਤੇ ਰਾਸਟਰੀ ਕਾਰਜਕਾਰਿਨੀ ਮੈਂਬਰ ਅਨਿਲ ਆਰਿਆ ਵੀ ਮੌਜੂਦ ਰਹੇ। ਮੀਟਿੰਗ ਦੌਰਾਨ ਪਵਨ ਜਿੰਦਲ ਨੇ ਕਿਹਾ ਕਿ ਭਾਰਤ ਤੇਜੀ ਨਾਲ ਵਿਕਾਸ ਦੇ ਰਸਤੇ 'ਤੇ ਅੱਗੇ ਵੱਧ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਆਪਣੀ ਆਧਿਆਤਮਿਕ ਪਰੰਪਰਾ ਅਤੇ ਧਨਾਢ ਸਾਂਸਕ੍ਰਿਤਿਕ ਵਿਰਾਸਤ ਦੇ ਬਲ 'ਤੇ ਸੰਸਾਰ ਨੂੰ ਮਾਰਗਦਰਸਨ ਦੇਵੇਗਾ।

ਉਨ੍ਹਾਂ ਕਿਹਾ ਕਿ ਭਾਰਤ ਦੀ ਅਸਲ ਰੂਹ ਮਨੁੱਖਤਾ, ਸਹਿ-ਅਸਤਿਤਵ ਅਤੇ ਵਿਸਵ ਸਾਂਤੀ ਵਿੱਚ ਵੱਸਦੀ ਹੈ। ਦੇਸ ਦੇ ਨਾਗਰਿਕ ਪੂਰੇ ਸਮਰਪਣ ਨਾਲ ਰਾਸਟਰ ਨਿਰਮਾਣ ਵਿੱਚ ਯੋਗਦਾਨ ਪਾ ਰਹੇ ਹਨ, ਜਿਸ ਕਾਰਨ ਅੰਤਰਰਾਸਟਰੀ ਪੱਧਰ 'ਤੇ ਭਾਰਤ ਦੀ ਇੱਜਤ ਲਗਾਤਾਰ ਵੱਧ ਰਹੀ ਹੈ। ਉਨ੍ਹਾਂ ਵਿਸਵਾਸ ਜਤਾਇਆ ਕਿ ਭਾਰਤ ਦੁਨੀਆ ਨੂੰ ਸਾਂਤੀ, ਖੁਸਹਾਲੀ ਅਤੇ ਸੰਤੁਲਿਤ ਵਿਕਾਸ ਦਾ ਸੰਦੇਸ ਦੇਵੇਗਾ।



ਪਵਨ ਜਿੰਦਲ ਨੇ ਮੀਡੀਆ ਦੀ ਮਹੱਤਤਾ 'ਤੇ ਜੋਰ ਦਿੰਦਿਆਂ ਕਿਹਾ ਕਿ ਮੀਡੀਆ ਲੋਕਤੰਤਰ ਦਾ ਇੱਕ ਮਜਬੂਤ ਸਤੰਭ ਹੈ ਅਤੇ ਇਹ ਸਮਾਜ ਨੂੰ ਸਹੀ ਦਿਸਾ ਦੇਣ, ਸਕਾਰਾਤਮਕ ਸੋਚ ਨੂੰ ਵਧਾਉਣ ਅਤੇ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

ਇਸ ਮੌਕੇ ਸੰਜੇ ਰਾਠੀ ਨੇ ਮੀਡੀਆ ਕੌਂਸਲ ਆਫ ਜਰਨਲਿਸਟਸ ਵੱਲੋਂ ਕੀਤੇ ਜਾ ਰਹੇ ਕੰਮਾਂ, ਪੱਤਰਕਾਰਾਂ ਦੇ ਹੱਕਾਂ ਦੀ ਰੱਖਿਆ ਲਈ ਚਲ ਰਹੀਆਂ ਮੁਹਿੰਮਾਂ ਅਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸੰਸਥਾ ਦੇਸ ਭਰ ਦੇ ਪੱਤਰਕਾਰਾਂ ਨੂੰ ਇਕੱਠਾ ਕਰਕੇ ਉਨ੍ਹਾਂ ਦੇ ਅਧਿਕਾਰਾਂ ਅਤੇ ਸਨਮਾਨ ਦੀ ਰੱਖਿਆ ਲਈ ਲਗਾਤਾਰ ਕੰਮ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਨਿਰਪੱਖ, ਆਜਾਦ ਅਤੇ ਮਜਬੂਤ ਮੀਡੀਆ ਲਈ ਜਰਨਲਿਸਟ ਪ੍ਰੋਟੈਕਸਨ ਐਕਟ ਲਾਗੂ ਕਰਨਾ ਬਹੁਤ ਜਰੂਰੀ ਹੈ, ਤਾਂ ਜੋ ਪੱਤਰਕਾਰ ਬਿਨਾਂ ਕਿਸੇ ਡਰ ਜਾਂ ਦਬਾਅ ਦੇ ਆਪਣਾ ਫਰਜ ਨਿਭਾ ਸਕਣ। ਇਸ ਦੇ ਨਾਲ ਹੀ ਉਨ੍ਹਾਂ ਹਰਿਆਣਾ ਮੀਡੀਆ ਮਾਨਤਾ ਕਮੇਟੀ ਦੇ ਦੁਬਾਰਾ ਗਠਨ ਦੀ ਲੋੜ 'ਤੇ ਵੀ ਜੋਰ ਦਿੱਤਾ। ਉਨ੍ਹਾਂ ਦੱਸਿਆ ਕਿ ਇਹ ਕਮੇਟੀ ਪਿਛਲੇ 12 ਸਾਲਾਂ ਤੋਂ ਨਿਸਕ੍ਰਿਆ ਪਈ ਹੈ, ਜਿਸ ਕਾਰਨ ਕਈ ਪੱਤਰਕਾਰ ਮਾਨਤਾ ਤੋਂ ਵੰਚਿਤ ਹਨ।

ਕਮੇਟੀ ਦੇ ਪੁਨਰਗਠਨ ਨਾਲ ਪਾਰਦਰਸਤਾ ਵਧੇਗੀ, ਯੋਗ ਪੱਤਰਕਾਰਾਂ ਨੂੰ ਮਾਨਤਾ ਮਿਲੇਗੀ ਅਤੇ ਮੀਡੀਆ ਖੇਤਰ ਵਿੱਚ ਇੱਕ ਸਿਹਤਮੰਦ ਅਤੇ ਵਿਵਸਥਿਤ ਮਾਹੌਲ ਬਣੇਗਾ। ਇਸ ਤੋਂ ਇਲਾਵਾ, ਸੰਜੇ ਰਾਠੀ ਨੇ ਪਵਨ ਜਿੰਦਲ ਨੂੰ ਅਪੀਲ ਕੀਤੀ ਕਿ ਹਰਿਆਣਾ ਸਰਕਾਰ ਵੱਲੋਂ ਪੱਤਰਕਾਰਾਂ ਲਈ ਘੋਸ?ਤ ਕੀਤੀਆਂ ਮੁਫਤ ਸਿਹਤ ਸਹੂਲਤਾਂ ਨੂੰ ਜਲਦੀ ਲਾਗੂ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਪੱਤਰਕਾਰ ਸਮਾਜ ਦਾ ਇੱਕ ਅਹਿਮ ਵਰਗ ਹੈ ਜੋ ਅਕਸਰ ਖਤਰਨਾਕ ਹਾਲਾਤਾਂ ਵਿੱਚ ਕੰਮ ਕਰਦਾ ਹੈ, ਇਸ ਲਈ ਉਨ੍ਹਾਂ ਲਈ ਵਧੀਆ ਅਤੇ ਆਸਾਨ ਸਿਹਤ ਸਹੂਲਤਾਂ ਯਕੀਨੀ ਬਣਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਸੁਝਾਅ ਦਿੱਤਾ ਕਿ ਪੱਤਰਕਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਖਾਸ ਸਿਹਤ ਯੋਜਨਾਵਾਂ ਅਤੇ ਕੈਸਲੈਸ ਇਲਾਜ ਦੀ ਵਿਵਸਥਾ ਕੀਤੀ ਜਾਵੇ, ਤਾਂ ਜੋ ਉਨ੍ਹਾਂ ਨੂੰ ਆਰਥਿਕ ਬੋਝ ਤੋਂ ਰਾਹਤ ਮਿਲ ਸਕੇ।

# ਇਜਰਾਈਲ-ਈਰਾਨ ਵਿਚਾਲੇ ਜੰਗ ਦੌਰਾਨ ਬੰਦ ਹੋਈ ਦੋਹਾ-ਅੰਮ੍ਰਿਤਸਰ ਉਡਾਣ 17 ਦਿਨਾਂ ਬਾਅਦ ਮੁੜ ਹੋਈ

**ਅੰਮ੍ਰਿਤਸਰ, ( ਲਖਵਿੰਦਰ ਸਿੰਘ ਗਿੱਲ )** - ਅਮਰੀਕਾ ਇਜਰਾਈਲ ਅਤੇ ਈਰਾਨ ਵਿਚਾਲੇ ਚੱਲ ਜੰਗ ਦੌਰਾਨ ਜਿਥੇ ਅੰਮ੍ਰਿਤਸਰ ਹਵਾਈ ਅੱਡੇ ਤੇ ਦੁਬਈ, ਦੋਹਾ, ਸਾਰਜਾਹ ਦੀਆਂ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਸਨ, ਉਥੇ ਅੱਜ ਕਰੀਬ 17 ਦਿਨਾਂ ਬਾਅਦ ਦੋਹਾ ਵਿਚ ਦੋਹਾ ਤੋਂ ਅੰਮ੍ਰਿਤਸਰ ਵਿਚਾਲੇ ਚੱਲਣ ਵਾਲੀਆਂ ਉਡਾਣਾਂ ਕਤਰ ਏਅਰ ਵਲੋਂ ਸੁਰੂ ਕਰ ਦਿੱਤੀਆਂ ਗਈਆਂ ਹਨ। ਇਸ ਦੌਰਾਨ ਦੋਹਾ ਹਵਾਈ ਅੱਡੇ ਰਾਹੀਂ ਕੈਨੇਡਾ, ਅਮਰੀਕਾ ਤੇ ਹੋਰ ਮੁਲਕਾਂ ਨੂੰ ਜਾਣ ਵਾਲੇ ਯਾਤਰੀਆਂ ਨੂੰ ਰਾਹਤ ਮਿਲ ਜਾਵੇਗੀ। ਇਸ ਉਡਾਣ ਰਾਹੀਂ ਜਿਆਦਾਤਰ ਪੰਜਾਬੀ ਯਾਤਰੀ ਅੰਮ੍ਰਿਤਸਰ ਹਵਾਈ ਅੱਡੇ ਤੋਂ ਦੋਹਾ ਉਡਾਣ ਰਾਹੀਂ



ਦੋਹਾ ਸਮੇਤ ਵੱਖ ਵੱਖ-ਵੱਖ ਮੁਲਕਾਂ ਨੂੰ ਹੁੰਦੇ ਹਨ। ਦੋਹਾ ਕਤਰ ਦੀ ਮੁੜ ਸੁਰੂ ਹੋਈ ਉਡਾਣ ਸੰਬੰਧੀ ਹਵਾਈ ਅੱਡੇ ਦੇ ਡਾਇਰੈਕਟਰ ਸ੍ਰੀ ਭੁਪਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਉਕਤ ਉਡਾਣ ਦੀ ਸਮਾਂ ਸਾਰਣੀ ਦੀ ਜਾਣਕਾਰੀ 18 ਮਾਰਚ ਤੋਂ 28 ਮਾਰਚ ਤੱਕ ਮਿਲੀ ਹੈ। ਉਹਨਾਂ ਦੱਸਿਆ ਕਿ ਇਹ ਉਡਾਣ ਦੋਹਾ ਤੋਂ ਰੋਜਾਨਾ ਸਵੇਰੇ 10.30 ਵਜੇ ਅੰਮ੍ਰਿਤਸਰ ਲਈ ਉਡਾਣ ਭਰੇਗੀ ਅਤੇ ਸਾਮ 4.30 ਵਜੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਵਿਖੇ ਪਹੁੰਚੇਗੀ ਤੇ ਇੱਥੇ ਰਾਤ 12.10 ਵਜੇ ਰਵਾਨਾ ਹੋਵੇਗੀ। ਇਸ ਤੋਂ ਇਲਾਵਾ ਸਾਰੀਆਂ ਘਰੇਲੂ ਉਡਾਣਾਂ ਆਪਣੇ ਨਿਰਧਾਰਤ ਸਮੇਂ ਨਾਲ ਚੱਲ ਰਹੀਆਂ ਹਨ।

# ਲਿੰਗ ਅਸਮਾਨਤਾ ਨੂੰ ਰੋਕਣਾ ਸਿਹਤਮੰਦ ਸਮਾਜ ਦੀ ਬੁਨਿਆਦ : ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ

*- ਪੀ.ਸੀ.ਪੀ.ਐੱਨ.ਡੀ.ਟੀ. ਐਕਟ ਦੀਆਂ ਕਾਨੂੰਨੀ ਪ੍ਰਾਵਧਾਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਲੋੜ 'ਤੇ ਦਿੱਤਾ ਜਾ ਰਿਹੈ ਜ਼ੋਰ : ਡਾ ਹਰੀਸ਼ ਕਿਰਪਾਲ*

**ਨਵਾਂਸ਼ਹਿਰ, 19 ਮਾਰਚ (ਮਨੋਰੰਜਨ ਕਾਲੀਆ** : ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਪ੍ਰਧਾਨਗੀ ਹੇਠ ਸਿਵਲ ਸਰਜਨ ਦਫਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਵੀਰਵਾਰ ਨੂੰ ਜ਼ਿਲ੍ਹਾ ਪੀ.ਸੀ.ਪੀ.ਐੱਨ.ਡੀ.ਟੀ. ਸਲਾਹਕਾਰ ਕਮੇਟੀ ਦੀ ਇਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ ਮੀਟਿੰਗ ਦਾ ਮੁੱਖ ਉਦੇਸ਼ ਪੀ.ਸੀ.ਪੀ.ਐੱਨ.ਡੀ.ਟੀ. ਨੂੰ ਜ਼ਿਲ੍ਹੇ ਵਿੱਚ ਸਖ਼ਤੀ ਅਤੇ ਪਾਰਦਰਸ਼ਤਾ ਨਾਲ ਲਾਗੂ ਕਰਨਾ ਹੈ, ਤਾਂ ਜੋ ਲਿੰਗ ਚੋਣ ਸਬੰਧੀ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਪੂਰੀ ਤਰ੍ਹਾਂ ਰੋਕ ਲਗਾਈ ਜਾ ਸਕੇ।

ਮੀਟਿੰਗ ਦੀ ਸ਼ੁਰੂਆਤ ਕਰਦੇ ਹੋਏ ਕਾਰਜਕਾਰੀ ਪੀ.ਐਨ.ਡੀ.ਟੀ. ਕੋਆਰਡੀਨੇਟਰ ਡਾ. ਹਰਨੇਕ ਸਿੰਘ ਵੱਲੋਂ ਕਮੇਟੀ ਮੈਂਬਰਾਂ ਨੂੰ ਪੀ.ਸੀ.ਪੀ.ਐੱਨ.ਡੀ.ਟੀ. ਰਜਿਸਟ੍ਰੇਸ਼ਨ ਨਵਿਆਉਣ ਸਮੇਤ ਵੱਖ-ਵੱਖ ਏਜੰਡਾ ਮੁੱਦਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਜ਼ਿਲ੍ਹੇ ਅੰਦਰ ਚੱਲ ਰਹੇ ਅਲਟਰਾਸਾਊਂਡ ਕੇਂਦਰਾਂ ਦੀ ਨਿਗਰਾਨੀ ਕਰਨ ਤੇ ਰਿਕਾਰਡ ਦਾ ਰੱਖ-ਰਖਾਅ ਕਰਨ ਦੀ ਪ੍ਰਕਿਰਿਆ ਦੀ ਸਮੀਖਿਆ ਕੀਤੀ ਉਨ੍ਹਾਂ ਨੇ ਫਾਰਮ ਸਹੀ



ਤਰੀਕੇ ਨਾਲ ਭਰਨ ਅਤੇ ਨਿਯਮਾਂ ਅਨੁਸਾਰ ਡਿਸਪਲੇ ਬੋਰਡ ਲਗਾਉਣ ਸਬੰਧੀ ਵੀ ਦਿਸ਼ਾ-ਨਿਰਦੇਸ਼ ਦਿੱਤੇ

ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਗੈਰ-ਕਾਨੂੰਨੀ ਲਿੰਗ ਜਾਂਚ 'ਤੇ ਪੂਰੀ ਪਾਬੰਦੀ ਹੈ ਤੇ ਪੀ.ਸੀ.ਪੀ.ਐੱਨ.ਡੀ.ਟੀ. ਐਕਟ ਦੀ ਉਲੰਘਣਾ ਕਰਨ ਵਾਲਿਆਂ ਨਾਲ ਕਿਸੇ ਵੀ ਤਰ੍ਹਾਂ ਦੀ ਰਿਆਇਤ ਨਹੀਂ ਵਰਤੀ ਜਾਵੇਗੀ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਜ਼ਿਲ੍ਹੇ ਵਿੱਚ ਲਿੰਗ ਅਨੁਪਾਤ ਸੁਧਾਰਨਾ ਸਿਹਤ ਵਿਭਾਗ ਦੀ ਪ੍ਰਾਥਮਿਕਤਾ ਹੈ ਅਤੇ ਇਸ ਲਈ ਨਿਗਰਾਨੀ ਪ੍ਰਣਾਲੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਉਨ੍ਹਾਂ ਨੇ ਕਿਹਾ ਕਿ ਅਚਾਨਕ ਜਾਂਚਾਂ ਜਾਰੀ ਰਹਿਣਗੀਆਂ ਅਤੇ ਜੇਕਰ ਕਿਸੇ ਕੇਂਦਰ ਵੱਲੋਂ ਕਾਨੂੰਨ ਦੀ ਉਲੰਘਣਾ ਕੀਤੀ ਗਈ ਤਾਂ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਨੇ ਕਮੇਟੀ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਖੇਤਰ ਵਿੱਚ ਜਾਗਰੂਕਤਾ ਗਤੀਵਿਧੀਆਂ ਨੂੰ ਵਧਾਉਣ, ਤਾਂ ਜੋ ਸਮਾਜ ਵਿੱਚ ਭਰੂਣ ਹੱਤਿਆ ਵਿਰੁੱਧ ਸਕਾਰਾਤਮਕ ਸੋਚ ਵਿਕਸਿਤ ਹੋ ਸਕੇ ਉਨ੍ਹਾਂ ਕਿਹਾ ਕਿ ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤੀ ਨਾਲ ਲਾਗੂ ਕਰਨਾ ਸਮੇਂ ਦੀ ਲੋੜ ਹੈ। ਮੀਟਿੰਗ ਦੌਰਾਨ ਇਹ ਵੀ ਫੈਸਲਾ ਲਿਆ ਗਿਆ ਕਿ ਸਾਰੇ ਰਜਿਸਟਰਡ ਕੇਂਦਰਾਂ ਦੇ ਰਿਕਾਰਡਾਂ ਦੀ ਨਿਯਮਿਤ ਜਾਂਚ ਕੀਤੀ ਜਾਵੇਗੀ ਅਤੇ ਰਿਪੋਰਟਿੰਗ ਪ੍ਰਣਾਲੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾਵੇਗਾ ਇਸ ਤੋਂ ਇਲਾਵਾ, ਸ਼ੱਕੀ ਗਤੀਵਿਧੀਆਂ ਸਬੰਧੀ ਮਿਲਣ ਵਾਲੀ ਕਿਸੇ ਵੀ ਜਾਣਕਾਰੀ 'ਤੇ ਤੁਰੰਤ ਕਾਰਵਾਈ ਯਕੀਨੀ ਬਣਾਈ ਜਾਵੇਗੀ

ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਹਰੀਸ਼ ਕਿਰਪਾਲ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਕਾਨੂੰਨੀ ਪ੍ਰਾਵਧਾਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਸਿਹਤ ਵਿਭਾਗ ਵੱਲੋਂ ਕਾਨੂੰਨ ਦੀ ਪਾਲਣਾ ਲਈ ਪੂਰੀ ਵਚਨਬੱਧਤਾ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਕੇਂਦਰ ਨਿਯਮਾਂ ਅਨੁਸਾਰ ਕੰਮ ਕਰੇ ਉਨ੍ਹਾਂ ਨੇ ਕਿਹਾ ਕਿ ਕਾਨੂੰਨ ਦੀ ਪਾਲਣਾ ਸਿਰਫ਼ ਸਰਕਾਰੀ ਜ਼ਿੰਮੇਵਾਰੀ ਨਹੀਂ, ਸਗੋਂ ਸਮਾਜਿਕ ਫ਼ਰਜ਼ ਵੀ ਹੈ

ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਵੱਲੋਂ ਆਪਣੇ ਸੁਝਾਅ ਵੀ ਪੇਸ਼ ਕੀਤੇ ਗਏ ਅਤੇ ਐਕਟ ਦੀ ਪ੍ਰਭਾਵਸ਼ਾਲੀ ਲਾਗੂਅਤ ਲਈ ਸਾਂਝੀ ਰਣਨੀਤੀ 'ਤੇ ਵਿਚਾਰ ਕੀਤਾ ਗਿਆ ਅੰਤ ਵਿੱਚ ਸਿਵਲ ਸਰਜਨ ਵੱਲੋਂ ਸਾਰੇ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਗਿਆ ਕਿ ਸਖ਼ਤ ਨਿਗਰਾਨੀ ਅਤੇ ਸਮੂਹਿਕ ਯਤਨਾਂ ਨਾਲ ਹੀ ਜ਼ਿਲ੍ਹੇ ਵਿੱਚ ਲਿੰਗ ਅਨੁਪਾਤ ਸੁਧਾਰਿਆ ਜਾ ਸਕਦਾ ਹੈ ਅਤੇ ਸਮਾਜ ਵਿੱਚ ਲੜਕੀਆਂ ਪ੍ਰਤੀ ਸਤਿਕਾਰ ਦੀ ਭਾਵਨਾ ਮਜ਼ਬੂਤ ਹੋਵੇਗੀ।

ਇਸ ਮੌਕੇ ਗਾਈਨਾਕੋਲੋਜਿਸਟ ਡਾ ਮੋਨਿਕਾ ਜੈਨ, ਜ਼ਿਲ੍ਹਾ ਅਟਾਰਨੀ ਦਵਿੰਦਰ ਕੁਮਾਰ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਦਲਜੀਤ ਸਿੰਘ, ਸਮਾਜਸੇਵੀ ਬੀਰਬਲ ਤੱਖੀ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਦੇ ਪ੍ਰਤੀਨਿਧੀ ਦਿਲਪ੍ਰੀਤ ਸਿੰਘ ਤੇ ਹੋਰ ਕਮੇਟੀ ਮੈਂਬਰ ਹਾਜ਼ਰ ਸਨ।

## ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਪ੍ਰੋਫੈਸਰ ਨੂੰ ਚੀਨ ਦੀ ਯੂਨੀਵਰਸਿਟੀ ਵਿੱਚ ਪੰਜਾਬੀ ਭਾਸ਼ਾ ਪੜ੍ਹਾਉਣ ਲਈ ਸੱਦਾ

### ਹੁਣ ਚੀਨ ਵਿੱਚ ਪੰਜਾਬੀ ਭਾਸ਼ਾ ਪੜ੍ਹਾਵੇਗੀ ਪ੍ਰੋ.ਫ਼ੈਸਰ ਜ਼ਮੀਰਪਾਲ ਕੌਰ

**ਬਠਿੰਡਾ, 19 ਮਾਰਚ (ਬਲਜੀਤ ਸਿੰਘ ਕੁਲਾਰ)** ਭਾਰਤੀ ਭਾਸ਼ਾਵਾਂ ਨੂੰ ਵਿਸ਼ਵ ਪੱਧਰ 'ਤੇ ਪ੍ਰਫੁਲਿਤ ਕਰਨ ਦੀ ਦਿਸ਼ਾ ਵਿੱਚ ਲਗਾਤਾਰ ਯਤਨਸ਼ੀਲ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਦੇ ਇੱਕ ਪ੍ਰੋਫੈਸਰ ਨੂੰ ਚੀਨ ਦੀ ਇੱਕ ਮੰਨੀ-ਪ੍ਰਮੰਨੀ ਯੂਨੀਵਰਸਿਟੀ ਵੱਲੋਂ ਪੰਜਾਬੀ ਭਾਸ਼ਾ ਪੜ੍ਹਾਉਣ ਲਈ ਸੱਦਾ ਦਿੱਤਾ ਗਿਆ ਹੈ ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿੱਚ ਪ੍ਰੋਫੈਸਰ ਵਜੋਂ ਸੇਵਾ ਨਿਭਾ ਰਹੇ ਅਤੇ ਸਕੂਲ ਆਫ ਲੈਂਗਏਜਜ਼, ਲਿਟਰੇਚਰ ਐਂਡ ਕਲਚਰ ਦੇ ਸਾਬਕਾ ਡੀਨ ਪ੍ਰੋ.ਜ਼ਮੀਰਪਾਲ ਕੌਰ ਸੰਧੂ ਬਾਜਵਾ ਨੂੰ ਬੀਜਿੰਗ ਫੌਰਿਨ ਸਟੱਡੀਜ਼ ਯੂਨੀਵਰਸਿਟੀ (ਬੀ.ਐਫ.ਐਸ.ਯੂ.), ਚੀਨ ਵੱਲੋਂ ਅਕਾਦਮਿਕ ਸੈਸ਼ਨ 2026-27 ਲਈ ਪੰਜਾਬੀ ਭਾਸ਼ਾ ਅਤੇ ਦੱਖਣੀ ਏਸ਼ੀਆਈ ਅਧਿਐਨ ਦੀ ਵਿਦੇਸ਼ੀ ਮਾਹਰ ਵਜੋਂ ਸੱਦਾ ਦਿੱਤਾ ਗਿਆ ਹੈ ਯੂਨੀਵਰਸਿਟੀ ਤੋਂ ਮਨਜ਼ੂਰੀ ਪ੍ਰਾਪਤ ਕਰਨ ਤੋਂ ਬਾਅਦ ਪ੍ਰੋ.ਜ਼ਮੀਰਪਾਲ ਕੌਰ ਵਿਦਿਅਕ ਦੌਰੇ ਲਈ ਬੀਜਿੰਗ ਫੋਰਿਨ ਸਟੱਡੀਜ਼ ਯੂਨੀਵਰਸਿਟੀ, ਚੀਨ ਲਈ ਰਵਾਨਾ ਹੋ ਗਏ ਹਨ ਚੀਨ ਵਿੱਚ ਆਪਣੇ ਦੌਰੇ ਦੌਰਾਨ ਉਹ ਪੰਜਾਬੀ ਭਾਸ਼ਾ ਅਤੇ ਪੰਜਾਬ ਦੇ ਇਤਿਹਾਸ ਤੇ ਸਭਿਆਚਾਰ ਨਾਲ ਸੰਬੰਧਿਤ ਕੋਰਸ ਪੜ੍ਹਾਉਣਗੇ, ਪੰਜਾਬੀ ਭਾਸ਼ਾ ਦੀ ਪਾਠ ਸਮੱਗਰੀ ਤਿਆਰ ਕਰਨਗੇ, ਦੱਖਣੀ ਏਸ਼ੀਆਈ ਭਾਸ਼ਾ ਪ੍ਰੋਗਰਾਮਾਂ ਦੇ ਗ੍ਰੈਜੂਏਟ ਵਿਦਿਆਰਥੀਆਂ ਦਾ ਮਾਰਗਦਰਸ਼ਨ ਕਰਨਗੇ ਅਤੇ ਚੀਨੀ ਅਧਿਆਪਕਾਂ ਨੂੰ ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਸਿੱਖਿਅਤ ਕਰਨ ਵਿੱਚ ਸਹਿਯੋਗ ਦੇਣਗੇ ਚੀਨ ਦੌਰੇ ਦੌਰਾਨ ਬੀ.ਐਫ.ਐਸ.ਯੂ. ਵੱਲੋਂ ਉਨ੍ਹਾਂ ਦੇ ਆਉਣ-ਜਾਣ (ਰਾਊਂਡ ਟ੍ਰਿਪ) ਦੇ ਖ਼ਰਚੇ ਅਤੇ ਰਹਿਣ ਦੀ ਵਿਵਸਥਾ ਕੀਤੀ ਜਾਵੇਗੀ, ਜਦਕਿ ਉਨ੍ਹਾਂ ਦੀ ਤਨਖ਼ਾਹ ਪੰਜਾਬ ਕੇਂਦਰੀ ਯੂਨੀਵਰਸਿਟੀ ਵੱਲੋਂ ਜਾਰੀ ਰਹੇਗੀ ਇਸ ਪ੍ਰਾਪਤੀ 'ਤੇ ਪ੍ਰੋ.ਜ਼ਮੀਰਪਾਲ ਕੌਰ ਨੂੰ ਵਧਾਈ ਦਿੰਦਿਆਂ ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ.ਰਾਘਵੇਂਦਰ ਪ੍ਰਸਾਦ ਤਿਵਾਰੀ ਨੇ ਇਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਵੱਲ ਇੱਕ ਮਹੱਤਵਪੂਰਨ ਕਦਮ ਕਰਾਰ ਦਿੱਤਾ ਉਨ੍ਹਾਂ ਕਿਹਾ ਕਿ ਅਜਿਹੇ ਅਕਾਦਮਿਕ ਸਹਿਯੋਗ ਭਾਰਤੀ ਭਾਸ਼ਾਵਾਂ ਅਤੇ ਖੋਜ ਨੂੰ ਵਿਸ਼ਵ ਦੇ ਅਕਾਦਮਿਕ ਸੰਸਥਾਨਾਂ ਵਿੱਚ ਨਵੀਂ ਪਹਿਚਾਣ ਦਿਵਾਉਣ ਵਿੱਚ ਸਹਾਇਕ ਸਾਬਤ ਹੋਣਗੇ ।





ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਸਿੰਘ ਦੀ ਪਨਿਆਲੀ ਖੁਰਦ ਫੇਰੀ ਨੂੰ ਦੇਖਦਿਆਂ ਡੀ ਐਸ ਪੀ ਹੇਮੰਤ ਮਲਹੋਤਰਾ ਅਤੇ ਐਸ ਐਚ ਓ ਥਾਣਾ ਨੇ ਇਲਾਕੇ ਵਿੱਚ ਕੀਤੇ ਗਏ ਸਖਤ ਪ੍ਰਬੰਧਾਂ ਕਾਰਨ ਇਲਾਕੇ ਦੇ ਸੀਨੀਅਰ ਕਾਂਗਰਸੀ ਆਗੂਆਂ ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ ਅਤੇ ਦੀਪਾ ਸਰਪੰਚ ਨਿੱਘੀ ਵਾਲਿਆਂ ਨੂੰ ਜੋ ਅੱਜ ਵੀਰਵਾਰ ਵਾਲੇ ਦਿਨ ਪੀਰ ਨਿਗਾਹੇ (ਹਿਮਾਚਲ ਪ੍ਰਦੇਸ਼) ਵਿੱਚ ਮੱਥਾ ਟੇਕਣ ਜਾ ਰਹੇ ਉਨ੍ਹਾਂ ਰੈਲ ਮਾਜਰਾ ਬੱਸ ਉਹਨਾਂ ਨੂੰ ਆਪਣੀ ਕਾਰ ਵਿੱਚੋਂ ਲਾ ਕੇ ਤਰੁੰਤ ਹਿਰਾਸਤ ਵਿੱਚ ਲੈ ਕੇ ਆਸਰੋਂ ਚੌਂਕੀ ਪੁਲਿਸ ਦੀ ਨਿਗਰਾਨੀ ਵਿੱਚ ਬਿਠਾ ਦਿੱਤਾ
***ਫੋਟੋ ਅਤੇ ਵੇਰਵਾ ਪੱਤਰਕਾਰ ਜਤਿੰਦਰ ਪਾਲ ਸਿੰਘ ਕਲੇਰ ਨਵਾਂਸ਼ਹਿਰ***

## ਡਾ. ਬਲਜੀਤ ਕਮਲ ਨੇ ਸ਼ਹੀਦ ਭਗਤ ਸਿੰਘ ਨਗਰ ਦੇ ਨਵੇਂ ਸਹਾਇਕ ਸਿਵਲ ਸਰਜਨ ਵਜੋਂ ਅਹੁਦਾ ਸੰਭਾਲਿਆ

**ਨਵਾਂਸ਼ਹਿਰ, 19 ਮਾਰਚ (ਮਨੋਰੰਜਨ ਕਾਲੀਆ ) :** ਡਾ. ਬਲਜੀਤ ਕਮਲ ਨੇ ਅੱਜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਨਵੇਂ ਸਹਾਇਕ ਸਿਵਲ ਸਰਜਨ ਵਜੋਂ ਅਹੁਦਾ ਸੰਭਾਲ ਲਿਆ ਹੈ।

ਡਾ. ਬਲਜੀਤ ਕਮਲ ਨੇ ਆਪਣੀ ਸਰਕਾਰੀ ਸੇਵਾ ਦੀ ਸ਼ੁਰੂਆਤ ਮਿਤੀ 14 ਦਸੰਬਰ 2009 ਨੂੰ ਸਿਵਲ ਹਸਪਤਾਲ, ਸੰਗਰੂਰ ਤੋਂ ਕੀਤੀ ਸੀ। ਇਸ ਤੋਂ ਬਾਅਦ ਮਿਤੀ ਅਗਸਤ 2012 ਵਿੱਚ ਉਨ੍ਹਾਂ ਦਾ ਤਬਾਦਲਾ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ ਹੋ ਗਿਆ, ਜਿੱਥੇ ਉਨ੍ਹਾਂ ਨੇ ਤਕਰੀਬਨ ਡੇਢ ਸਾਲ ਆਪਣੀਆਂ ਸੇਵਾਵਾਂ ਨਿਭਾਈਆਂ। ਉਪਰੰਤ, ਉਨ੍ਹਾਂ ਨੂੰ ਕਮਿਊਨਿਟੀ ਹੈਲਥ ਸੈਂਟਰ, ਮੁਕੰਦਪੁਰ ਵਿਖੇ ਤਾਇਨਾਤ ਕੀਤਾ ਗਿਆ, ਜਿੱਥੇ ਉਨ੍ਹਾਂ ਨੇ ਲਗਭਗ 14 ਸਾਲ ਮੈਡੀਕਲ ਅਫਸਰ ਵਜੋਂ ਸੇਵਾਵਾਂ ਨਿਭਾਈਆਂ। ਹੁਣ ਪਦੋਨਤੀ ਉਪਰੰਤ ਉਨ੍ਹਾਂ ਨੇ ਮਿਤੀ 19 ਮਾਰਚ 2026 ਨੂੰ ਸਿਵਲ ਸਰਜਨ ਦਫਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਨਵੇਂ ਸਹਾਇਕ ਸਿਵਲ ਸਰਜਨ ਦਾ ਅਹੁਦਾ ਸੰਭਾਲਿਆ ਹੈ।

ਇਸ ਮੌਕੇ ਜ਼ਿਲ੍ਹੇ ਦੇ ਸਿਹਤ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਡਾ. ਬਲਜੀਤ ਕਮਲ ਦਾ ਨਿੱਘਾ ਸੁਆਗਤ ਕੀਤਾ ਗਿਆ। ਅਹੁਦਾ ਸੰਭਾਲਣ ਉਪਰੰਤ ਡਾ. ਬਲਜੀਤ ਕਮਲ ਨੇ ਕਿਹਾ ਕਿ ਮਾਣਯੋਗ ਸਿਵਲ ਸਰਜਨ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਦੇ ਸਮੂਹ ਨਾਗਰਿਕਾਂ ਤੱਕ ਮਿਆਰੀ ਅਤੇ ਸੁਗਮ ਸਿਹਤ ਸੇਵਾਵਾਂ ਪਹੁੰਚਾਉਣਾ ਉਨ੍ਹਾਂ ਦੀ ਮੁੱਖ ਪ੍ਰਾਥਮਿਕਤਾ ਰਹੇਗੀ। ਉਨ੍ਹਾਂ ਨੇ ਕਿਹਾ ਕਿ ਉਹ ਆਪਣੇ ਨਾਲ ਸਬੰਧਤ ਸਾਰੇ ਸਿਹਤ ਪ੍ਰੋਗਰਾਮਾਂ ਦੇ ਨਿਰਧਾਰਿਤ ਟੀਚਿਆਂ ਨੂੰ ਸਮੇਂ ਸਿਰ ਪ੍ਰਾਪਤ ਕਰਨਾ ਯਕੀਨੀ ਬਣਾਉਣਗੇ।

ਇਸ ਦੌਰਾਨ ਜ਼ਿਲ੍ਹਾ ਸਿਹਤ ਅਫਸਰ ਡਾ. ਰੇਣੂ ਮਿੱਤਲ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਹਰਪਿੰਦਰ ਸਿੰਘ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਹਰੀਸ਼ ਕਿਰਪਾਲ, ਜ਼ਿਲ੍ਹਾ ਡੈਂਟਲ ਹੈਲਥ ਅਫਸਰ ਡਾ. ਰਾਜ ਕੁਮਾਰੀ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਦਲਜੀਤ ਸਿੰਘ ਅਤੇ ਪੀ.ਏ. ਟੂ ਸਿਵਲ ਸਰਜਨ ਅਜੇ ਕੁਮਾਰ ਸਮੇਤ ਹੋਰ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।



## ਮਰੀਜਾਂ ਦੀ ਜੀਵਨ ਗੁਣਵੱਤਾ ਸੁਧਾਰਨ ਲਈ ਯਤਨਸੀਲ ਹਾਂ : ਡਾ. ਗਗਨਦੀਪ ਸਿੰਘ



**ਨਵਾਂਸਹਿਰ, 19 ਮਾਰਚ (ਮਨੋਰੰਜਨ ਕਾਲੀਆ** : ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ, ਲੁਧਿਆਣਾ ਵੱਲੋਂ ਜ?ਿਲ੍ਹਾ ਸਿਹਤ ਵਿਭਾਗ, ਸਹੀਦ ਭਗਤ ਸਿੰਘ ਨਗਰ ਦੇ ਸਹਿਯੋਗ ਨਾਲ ਸਟਾਪ ਐਪੀਲੈਪਸੀ ਪ੍ਰੋਜੈਕਟਤਹਿਤ ਮਿਰਗੀ ਦੇ ਮਰੀਜਾਂ ਨੂੰ ਬਿਹਤਰ ਅਤੇ ਪਹੁੰਚਯੋਗ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ ਨਾਲ ਸਿਵਲ ਸਰਜਨ ਦਫਤਰ ਵਿਖੇ ਆਸਾ ਵਰਕਰਾਂ ਅਤੇ ਆਸਾ ਫੈਸੀਲੀਟੇਟਰਾਂ ਲਈ ਸਮਰੱਥਾ ਨਿਰਮਾਣ ਟ੍ਰੇਨਿੰਗ ਕਰਵਾਈ ਗਈ .

ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਇਸ ਮੌਕੇ ਦੱਸਿਆ ਕਿ ਇਸ ਪ੍ਰੋਜੈਕਟ ਦਾ ਕੇਂਦਰੀ ਮੰਤਵ ਮਿਰਗੀ ਨਾਲ ਪੀੜਤ ਮਰੀਜਾਂ ਦੀ ਸਮੇਂ ਸਿਰ ਪਛਾਣ, ਇਲਾਜ ਅਤੇ ਫਾਲੋਅਪ ਸੇਵਾਵਾਂ ਨੂੰ ਮਜਬੂਤ ਕਰਨਾ ਹੈ, ਤਾਂ ਜੋ ਉਨ੍ਹਾਂ ਨੂੰ ਘਰ ਦੇ ਨੇੜੇ ਹੀ ਉੱਚ ਦਰਜੇ ਦੀ ਸਿਹਤ ਸਹੂਲਤ ਪ੍ਰਾਪਤ ਹੋ ਸਕੇ.

ਟ੍ਰੇਨਿੰਗ ਦੌਰਾਨ ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ ਦੇ ਨਿਊਰੋਲੋਜੀ ਵਿਭਾਗ ਦੇ ਮੁਖੀ ਪ੍ਰੋਫੈਸਰ ਡਾ. ਗਗਨਦੀਪ ਸਿੰਘ ਨੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਮਿਰਗੀ ਦਿਮਾਗ ਦੀ ਤੰਤੂ ਪ੍ਰਣਾਲੀ ਨਾਲ ਜੁੜੀ ਇੱਕ ਗੰਭੀਰ ਅਵਸਥਾ ਹੈ, ਜਿਸਦਾ ਸਹੀ ਅਤੇ ਲਗਾਤਾਰ ਇਲਾਜ ਬਹੁਤ ਜਰੂਰੀ ਹੈ . ਉਨ੍ਹਾਂ ਨੇ ਜੋਰ ਦਿੱਤਾ ਕਿ ਮਰੀਜਾਂ ਨੂੰ ਦਵਾਈ ਦੀ ਕੋਈ ਵੀ ਖੁਰਾਕ ਛੱਡਣ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਇਸ ਨਾਲ ਦੌਰੇ ਆਉਣ ਦੀ ਸੰਭਾਵਨਾ ਵੱਧ ਜਾਂਦੀ ਹੈ . ਉਨ੍ਹਾਂ ਕਿਹਾ ਕਿ ਮਿਰਗੀ ਦੀ ਸਮੇਂ ਸਿਰ ਪਛਾਣ ਅਤੇ ਵਿਗਿਆਨਕ ਢੰਗ ਨਾਲ ਇਲਾਜ ਕਰਨ ਨਾਲ ਲਗਭਗ 70 ਪ੍ਰਤੀਸਤ ਮਰੀਜ ਸਾਧਾਰਣ ਜੀਵਨ ਬਤੀਤ ਕਰ ਸਕਦੇ ਹਨ . ਮਿਰਗੀ ਦੇ ਸੰਭਾਵਿਤ ਕਾਰਨਾਂ ਵਿੱਚ ਦਿਮਾਗੀ ਚੋਟ, ਟਿਊਮਰ, ਇੰਫੈਕਸਨ, ਤਣਾਅ, ਦਿਮਾਗੀ ਸੋਜ, ਲਹੂ ਨਾੜੀਆਂ ਦੇ ਰੋਗ ਅਤੇ ਨਸੀਲੇ ਪਦਾਰਥਾਂ ਦੀ ਵਰਤੋਂ ਆਦਿ ਸਾਮਲ ਹਨ .

ਮਿਰਗੀ ਦੇ ਲੱਛਣਾਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਅਚਾਨਕ ਬੇਹੋਸ ਹੋ ਜਾਣਾ, ਸਰੀਰ ਵਿੱਚ ਖਿੱਚ ਜਾਂ ਆਕੜ, ਝਟਕੇ ਆਉਣਾ, ਮੂੰਹ ਵਿੱਚੋਂ ਝੱਗ ਨਿਕਲਣਾ, ਦੰਦ ਭਿੱਚ ਜਾਣਾ, ਪਿਸਾਬ 'ਤੇ ਕਾਬੂ ਨਾ ਰਹਿਣਾ ਅਤੇ ਜੀਭ ਨੂੰ ਚੋਟ ਲੱਗਣਾ ਆਮ ਲੱਛਣ ਹਨ . ਉਨ੍ਹਾਂ ਇਹ ਵੀ ਦੱਸਿਆ ਕਿ ਦੌਰੇ ਦੀ ਸਥਿਤੀ ਵਿੱਚ ਤੁਰੰਤ ਮੁੱਢਲੀ ਸਹਾਇਤਾ ਦੇ ਕੇ ਮਰੀਜ ਦੀ ਹਾਲਤ ਨੂੰ ਸੰਭਾਲਿਆ ਜਾ ਸਕਦਾ ਹੈ . ਡਾ. ਗਗਨਦੀਪ ਸਿੰਘ ਨੇ ਕਿਹਾ ਕਿ ਮਿਰਗੀ ਸਬੰਧੀ ਸਮਾਜ ਵਿੱਚ ਮੌਜੂਦ ਭਰਮ ਅਤੇ ਗਲਤ ਧਾਰਨਾਵਾਂ ਨੂੰ ਦੂਰ ਕਰਨਾ ਬਹੁਤ ਜਰੂਰੀ ਹੈ, ਤਾਂ ਜੋ ਮਰੀਜ ਬਿਨਾ ਡਰ ਅਤੇ ਸੰਕੋਚ ਦੇ ਇਲਾਜ ਲੈ ਸਕਣ ਅਤੇ ਆਮ ਜੀਵਨ ਜੀ ਸਕਣ . ਉਨ੍ਹਾਂ ਕਿਹਾ ਕਿ ਅਸੀਂ ਸਟਾਪ ਐਪੀਲੈਪਸੀ ਪ੍ਰੋਜੈਕਟ ਤਹਿਤ ਮਿਰਗੀ ਦੇ ਮਰੀਜਾਂ ਦੀ ਜੀਵਨ ਗੁਣਵੱਤਾ ਸੁਧਾਰਨ ਲਈ ਯਤਨਸੀਲ ਹਾਂ .

# ਮ੍ਰਿਤਕਾ ਸੁਮਨਦੀਪ ਦਾ ਉਸ ਦੇ ਮਾਪਿਆਂ ਵਲੋਂ ਸੈਂਕੜੇਂ ਲੋਕਾਂ ਦੀ ਹਾਜ਼ਰੀ ਵਿੱਚ ਕੀਤਾ ਗਿਆ ਅੰਤਿਮ ਸੰਸਕਾਰ

### ਹਜ਼ਾਰਾਂ ਸੇਜ਼ਲ ਅੱਖੀਆਂ ਵਲੋਂ ਦਿੱਤੀ ਗਈ ਅੰਤਿਮ ਵਿਦਾਇਗੀ, ਪੁਲਿਸ ਵੱਲੋਂ ਸਹੁਰੇ ਪਰਿਵਾਰ ਦੇ ਚਾਰ ਮੈਂਬਰਾਂ 'ਤੇ ਪਰਚਾ ਦਰਜ

**ਨਵਾਂਸ਼ਹਿਰ /ਕਾਠਗੜ੍ਹ, 19 ਮਾਰਚ ( ਜਤਿੰਦਰਪਾਲ ਸਿੰਘ ਕਲੇਰ )** ਬੀਤੇ ਦਿਨ ਥਾਣਾ ਕਾਠਗੜ੍ਹ ਅਧੀਨ ਪੈਂਦੇ ਪਿੰਡ ਹਸਨਪੁਰ ਕਲਾਂ ਵਿਖੇ ਇੱਕ ਵਿਆਹੁਤਾ ਔਰਤ ਦੀ ਜ਼ਹਿਰੀਲੀ ਚੀਜ਼ ਖਾਣ ਨਾਲ ਹੋਈ ਮੌਤ ਤੋਂ ਬਾਅਦ ਮ੍ਰਿਤਕਾ ਦੇ ਪਿਤਾ ਅਤੇ ਮਾਮੇ ਵੱਲੋਂ ਦਿੱਤੇ ਗਏ ਬਿਆਨਾਂ ਦੇ ਆਧਾਰ ਉੱਤੇ ਕਾਠਗੜ੍ਹ ਪੁਲਿਸ ਵੱਲੋਂ ਮ੍ਰਿਤਕਾ ਦੇ ਸਹੁਰੇ ਪਰਿਵਾਰ ਦੇ ਚਾਰ ਮੈਂਬਰਾਂ ਉੱਤੇ ਪਰਚਾ ਦਰਜ ਕਰਕੇ ਉਹਨਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ ਮ੍ਰਿਤਕਾ ਦੇ ਪਿਤਾ ਮਹਿੰਦਰ ਪਾਲ ਪੁੱਤਰ ਚਰਨ ਦਾਸ ਵਾਸੀ ਪਿੰਡ ਭਰਥਲਾ ਥਾਣਾ ਕਾਠਗੜ੍ਹ ਨੇ ਸਮੇਤ ਆਪਣੇ ਸਾਲੇ ਗੁਲਸ਼ਨ ਕੁਮਾਰ ਪੁੱਤਰ ਸਿਕੰਦਰ ਲਾਲ ਵਾਸੀ ਪਿੰਡ ਮਾਲੇਵਾਲ ਕੋਹਲੀ ਨੇ ਕਾਠਗੜ੍ਹ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਦੇ ਦੋ ਬੱਚੇ ਇੱਕ ਲੜਕਾ ਤੇ ਇੱਕ ਲੜਕੀ ਹਨ ਤੇ ਲੜਕੀ ਸੁਮਨਦੀਪ ਉਮਰ ਕਰੀਬ 35 ਸਾਲ ਜਿਸ ਦੀ ਸ਼ਾਦੀ ਗੁਰਪ੍ਰੀਤ ਸਿੰਘ ਪੁੱਤਰ ਮੋਹਣ ਲਾਲ ਵਾਸੀ ਪਿੰਡ ਹਸਨਪੁਰ ਕਲਾਂ ਨਾਲ ਸਾਲ 2019 ਵਿੱਚ ਹੋਈ ਸੀ ਜਿਸ ਦਾ ਇੱਕ ਚਾਰ ਸਾਲ ਦਾ ਲੜਕਾ ਵੀ ਹੈ ਉਹਨਾਂ ਦੱਸਿਆ ਕਿ ਵਿਆਹ ਦੇ ਸਮੇਂ ਤੋਂ ਹੀ ਲੜਕੀ ਦਾ ਸਹੁਰਾ ਮੋਹਣ ਲਾਲ ਦਾਜ ਵਿੱਚ ਕਾਰ ਦੀ ਮੰਗ ਕਰਦਾ ਸੀ ਅਤੇ ਉਹਨਾਂ ਨੇ ਮਿਨਤਾਂ ਕੀਤੀਆਂ ਕਿ ਉਹ ਕਾਰ ਮੌਕੇ 'ਤੇ ਨਹੀਂ ਦੇ ਸਕਦੇ ਲੇਕਿਨ ਉਹਨਾਂ ਨੂੰ ਮਜਬੂਰੀ ਵਿੱਚ ਬੁਲੇਟ ਮੋਟਰਸਾਈਕਲ ਦੇਣਾ ਪਿਆ ਇਸ ਤੋਂ ਕੁੱਝ ਸਮੇਂ ਬਾਅਦ ਲੜਕੀ ਦੇ ਸਹੁਰੇ ਪਰਿਵਾਰ ਨੇ ਉਸ ਨੂੰ ਤੰਗ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਤਾਹਨੇ-ਮਿਹਣੇ ਦਿੰਦੇ ਹੋਏ ਸਮੇਂ ਸਮੇਂ 'ਤੇ ਕੋਈ ਨਾ ਕੋਈ ਮੰਗ ਰੱਖਦੇ ਗਏ ਪਰੰਤੂ ਉਹਨਾਂ ਨੇ ਲੜਕੀ ਦਾ ਘਰ ਵਸਾਉਣ ਲਈ ਜਿੰਨੀਆਂ ਕੁ ਮੰਗਾਂ ਪੂਰੀਆਂ ਹੁੰਦੀਆਂ ਸਨ ਕੀਤੀਆਂ ਉਹਨਾਂ ਦੱਸਿਆ ਕਿ ਲੜਕੀ ਆਪਣੀ ਪਰੇਸ਼ਾਨੀ ਦੱਸਦੀ ਰਹੀ ਪਰ ਉਹ



ਆਪਣੀ ਇੱਜਤ ਨੂੰ ਦੇਖਦੇ ਹੋਏ ਲੜਕੀ ਸੁਮਨਦੀਪ ਨੂੰ ਉੱਥੇ ਹੀ ਰਹਿਣ ਲਈ ਕਹਿੰਦੇ ਰਹੇ ਉਹਨਾਂ ਦੱਸਿਆ ਕਿ ਜਦੋਂ ਵੀ ਲੜਕੀ ਪਰੇਸ਼ਾਨੀ ਵਿੱਚ ਪੇਕੇ ਘਰ ਆ ਜਾਂਦੀ ਸੀ ਤਾਂ ਉਹ ਸਮਝਾ ਕੇ ਫਿਰ ਵਾਪਸ ਭੇਜ ਦਿੰਦੇ ਸਨ ਮਹਿੰਦਰ ਪਾਲ ਨੇ ਦੱਸਿਆ ਕਿ ਬੀਤੀ 16 ਮਾਰਚ ਨੂੰ ਲੜਕੀ ਸੁਮਨਦੀਪ ਦਾ ਫੋਨ ਆਇਆ ਕਿ ਅੱਜ ਫਿਰ ਉਸਨੂੰ ਸਹੁਰੇ ਪਰਿਵਾਰ ਵੱਲੋਂ ਬਹੁਤ ਤੰਗ ਕੀਤਾ ਜਾ ਰਿਹਾ ਹੈ ਪਰ ਮੇਰੀ ਪਤਨੀ ਗੁਰਮੀਤ ਨੇ ਫੋਨ 'ਤੇ ਸਮਝਾਇਆ ਕਿ ਅਸੀਂ ਆ ਕੇ ਗੱਲ ਕਰਦੇ ਹਾਂ ਲੇਕਿਨ ਸ਼ਾਮ 4 ਵਜੇ ਲੜਕੀ ਦੇ ਸਹੁਰੇ ਮੋਹਣ ਲਾਲ ਦਾ ਫੋਨ ਆਇਆ ਕਿ ਸੁਮਨਦੀਪ ਨੇ ਦਵਾਈ ਖਾ ਲਈ ਅਤੇ ਉਸ ਨੂੰ ਬਲਾਚੌਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਜਿਸ ਤੋਂ ਬਾਅਦ ਉਹ ਸਮੇਤ ਪਰਿਵਾਰ ਹਸਪਤਾਲ ਪਹੁੰਚੇ ਜਿੱਥੇ ਲੜਕੀ ਜੇਰੇ ਇਲਾਜ ਸੀ, ਉਹਨਾਂ ਡਾਕਟਰ ਨਾਲ ਗੱਲ ਕੀਤੀ ਤਾਂ ਡਾਕਟਰ ਨੇ ਕਿਹਾ ਕਿ ਸੁਮਨਦੀਪ ਦੀ ਹਾਲਤ ਸਥਿਰ ਹੈ ਪਰ 24 ਘੰਟੇ ਤੱਕ ਦੇਖਣਾ ਪਵੇਗਾ ਪ੍ਰੰਤੂ ਰਾਤ ਨੂੰ ਉਸ ਦੀ ਹਾਲਤ ਖਰਾਬ ਹੋਣੀ ਸ਼ੁਰੂ ਹੋ ਗਈ ਅਤੇ ਉਸ ਦਾ ਪਤੀ ਗੁਰਪ੍ਰੀਤ ਤੇ ਸੱਸ ਮਨਜੀਤ ਉਥੋਂ ਖਿਸਕ ਗਏ ਅਤੇ 17 ਮਾਰਚ ਸਵੇਰੇ 6 ਵਜੇ ਲੜਕੀ ਨੇ ਦਮ ਤੋੜ ਦਿੱਤਾ ਉਹਨਾਂ ਦੱਸਿਆ ਕਿ ਲੜਕੀ ਉੱਤੇ ਸਹੁਰੇ ਪਰਿਵਾਰ ਵੱਲੋਂ ਘੱਟ ਦਾਜ ਲਈ ਅੱਤਿਆਚਾਰ ਕੀਤਾ ਜਾਂਦਾ ਰਿਹਾ ਜਿਸ ਤੋਂ ਤੰਗ ਪਰੇਸ਼ਾਨ ਹੋ ਕੇ ਉਸ ਨੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਥਾਣਾ ਕਾਠਗੜ੍ਹ ਪੁਲਿਸ ਦੇ ਐਸ ਐਚ ਓ ਅਭਿਸ਼ੇਕ ਸ਼ਰਮਾ ਨੇ ਮ੍ਰਿਤਕਾ ਸੁਮਨਦੀਪ ਦੇ ਪਿਤਾ ਮਹਿੰਦਰ ਪਾਲ ਅਤੇ ਮਾਮਾ ਗੁਲਸ਼ਨ ਕੁਮਾਰ ਦੇ ਬਿਆਨਾਂ ਦੇ ਆਧਾਰ ਉੱਤੇ ਮ੍ਰਿਤਕਾ ਦੇ ਪਤੀ ਗੁਰਪ੍ਰੀਤ ਸਿੰਘ ਸਹੁਰਾ ਮੋਹਣ ਲਾਲ, ਸੱਸ ਮਨਜੀਤ ਅਤੇ ਜੇਠ ਜਸਬੀਰ ਸਿੰਘ ਜੱਸੀ ਉੱਤੇ ਪਰਚਾ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ ਕਾਠਗੜ੍ਹ ਪੁਲਿਸ ਵਲੋਂ ਅੱਜ ਮ੍ਰਿਤਕਾ ਸੁਮਨਦੀਪ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਮਾਪਿਆਂ ਦੇ ਹਵਾਲੇ ਕਰ ਦਿੱਤੀ ਗਈ ਹੈ ਜਿਹਨਾਂ ਨੇ ਉਸ ਦਾ ਅੰਤਿਮ ਸੰਸਕਾਰ ਪਿੰਡ ਭਰਥਲਾ ਦੇ ਸ਼ਮਸਾਨ ਘਾਟ ਵਿੱਚ ਰਿਸ਼ਤੇਦਾਰਾਂ ਅਤੇ ਹਜ਼ਾਰਾਂ ਇਲਾਕਾ ਨਿਵਾਸੀਆਂ ਦੀ ਹਾਜ਼ਰੀ ਵਿੱਚ ਕੀਤੀ ਗਿਆ ਅਤੇ ਚਿਖਾ ਨੂੰ ਅਗਨੀ ਸੁਮਨਦੀਪ ਦੇ 4 ਸਾਲਾਂ ਬੇਟੇ ਮਨਰਾਜ ਚੋਧਰੀ ਅਤੇ ਵੱਡੇ ਭਰਾ ਗੁਰਪ੍ਰੀਤ (ਹਨੀ ) ਨੇ ਦਿੱਤੀ ਇਸ ਮੌਕੇ ਇਲਾਕੇ ਰਾਜਨੀਤਿਕ, ਧਾਰਮਿਕ, ਸਮਾਜ ਸੇਵੀ ਅਤੇ ਇਲਾਕੇ ਦੇ ਮੋਹਤਬਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਨਵੋਦਿਆ ਪ੍ਰੀਖਿਆ ਦੇ ਨਤੀਜੇ 'ਚ ਪ੍ਰਾਇਮਰੀ ਸਕੂਲ ਟਕਾਰਲਾ ਨੇ ਫੇਰ ਤੋਂ ਰਚਿਆ ਇਤਿਹਾਸ

## ਪ੍ਰਾਇਮਰੀ ਸਕੂਲ ਟਕਾਰਲਾ ਦੇ 10 ਵਿਦਿਆਰਥੀਆਂ ਨੇ ਪਾਸ ਕੀਤੀ ਨਵੋਦਿਆ ਪ੍ਰੀਖਿਆ



**ਬਲਾਚੌਰ, 19 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਨਵੋਦਿਆ ਵਿਦਿਆਲਾ ਵਲੋਂ ਛੇਵੀਂ ਜਮਾਤ ਦੇ ਦਾਖਲੇ ਦੀ ਪ੍ਰੀਖਿਆ ਸਬੰਧੀ ਐਲਾਨੇ ਨਤੀਜੇ 'ਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਟਕਾਰਲਾ (ਸਕੂਲ ਆਫ਼ ਹੈਪੀਨੈੱਸ ) ਦੇ 10 ਵਿਦਿਆਰਥੀਆਂ ਨੇ ਪੜ੍ਹਾਈ 'ਚ ਆਪਣੇ ਅਧਿਆਪਕਾਂ ਵਲੋਂ ਕਰਵਾਈ ਮਿਹਨਤ ਤੇ ਲਗਨ ਸਦਕਾ ਨਵੋਦਿਆ ਵਿਦਿਆਲਿਆ ਦੀ ਪ੍ਰੀਖਿਆ ਪਾਸ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੈਂਟਰ ਹੈੱਡ ਟੀਚਰ ਕਮਲਦੀਪ ਚੌਧਰੀ ਨੇ ਦੱਸਿਆ ਕਿ ਸੈਸਨ 2025-26 ਦੀ ਪੰਜਵੀਂ ਜਮਾਤ ਦੇ ਕੁੱਲ 10 ਬੱਚਿਆਂ ਨੇ ਇਹ ਪ੍ਰੀਖਿਆ ਪਾਸ ਕਰ ਲਈ ਹੈ, ਜਿਸ ਵਿੱਚ ਮਾਨਵੀ ਪੁੱਤਰੀ ਹਰੀ ਕ੍ਰਿਸਨ, ਨੈਨਾ ਰਾਣੀ ਪੁੱਤਰੀ ਦਵਿੰਦਰ ਪਾਲ, ਇਸ਼?ਤਾ ਪੁੱਤਰੀ ਜਸਪਾਲ, ਮਨਕੀਰਤ ਕੌਰ ਪੁੱਤਰੀ ਹਰਦੀਪ ਕੁਮਾਰ, ਰਾਧਿਕਾ ਪੁੱਤਰੀ ਰਾਜੇਸ ਕੁਮਾਰ, ਹਿਮਾਨੀ ਚੌਧਰੀ ਪੁੱਤਰੀ ਬਿੰਦਰ ਕੁਮਾਰ, ਵੰਸ਼?ਕਾ ਪੁੱਤਰੀ ਜਸਵਿੰਦਰ ਕੁਮਾਰ, ਸਿਮਰਨ ਪੁੱਤਰੀ ਅਸੋਕ ਕੁਮਾਰ, ਹਰਸ਼?ਤ ਭਾਟੀਆ ਪੁੱਤਰ ਚਰਨਜੀਤ ਕੁਮਾਰ, ਚਰਨਜੋਤ ਸਿੰਘ ਪੁੱਤਰ ਪਰਮਜੀਤ ਸਾਮਿਲ ਹਨ। ਉਹਨਾਂ ਦੱਸਿਆ ਕਿ ਬੱਚਿਆਂ ਦੀ ਇਸ ਸਫਲਤਾ ਦਾ ਸਿਹਰਾ ਕਲਾਸ ਇੰਚਾਰਜ ਮੈਡਮ ਸ੍ਰੀਮਤੀ ਸਪਨਾ ਚੌਧਰੀ ਤੇ ਸ. ਬਲਜਿੰਦਰ ਸਿੰਘ ਵਿਰਕ (ਸਟੇਟ ਅਵਾਰਡੀ), ਸਮੂਹ ਸਕੂਲ ਸਟਾਫ ਅਤੇ ਬੱਚਿਆਂ ਦੇ ਮਾਪਿਆਂ ਨੂੰ ਜਾਂਦਾ ਹੈ। ਉਹਨਾਂ ਦੱਸਿਆ ਇਸ ਤੋਂ ਪਹਿਲਾਂ ਸਾਡੇ ਟਕਾਰਲਾ ਸਕੂਲ ਦੇ 47 ਬੱਚਿਆਂ ਨੇ ਪਿਛਲੇ ਸਾਲਾਂ ਦੌਰਾਨ ਨਵੋਦਿਆ ਪ੍ਰੀਖਿਆ ਪਾਸ ਕੀਤੀ ਹੈ ਤੇ ਹੁਣ ਇਹ ਗਿਣਤੀ ਵੱਧ ਕੇ 57 ਹੋ ਗਈ ਹੈ। ਉਹਨਾਂ ਖ਼ੁਸ਼ੀ ਸਾਂਝੀ ਕਰਦਿਆਂ ਦੱਸਿਆ ਕਿ ਅੱਜ ਤੱਕ ਇਕੋ ਸਕੂਲ ਦੇ 10 ਬੱਚਿਆਂ ਨੇ ਕਦੀ ਨਵੋਦਿਆ ਪ੍ਰੀਖਿਆ ਪਾਸ ਨਹੀਂ ਕੀਤੀ ਸੀ, ਪਰ ਟਕਾਰਲਾ ਸਕੂਲ ਦੇ 10 ਬੱਚਿਆਂ ਨੇ ਪ੍ਰੀਖਿਆ ਪਾਸ ਕਰਕੇ ਇਤਿਹਾਸ ਰਚਿਆ ਹੈ।

ਟਕਾਰਲਾ ਸਕੂਲ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀਮਤੀ ਅਨੀਤਾ ਸ਼ਰਮਾ, ਅਸ਼ੋਕ ਚੌਧਰੀ ਮੈਨੇਜਿੰਗ ਡਾਇਰੈਕਟਰ ਕਰਾਸ ਕਲਚਰ ਨਵਾਂਸ਼ਹਿਰ, ਸਰਪੰਚ ਮਹਾਂਵੀਰ ਚੌਧਰੀ, ਰਵਿੰਦਰ ਹੱਕਲਾ ਚੇਅਰਮੈਨ ਖਵਾਹਿਸ਼ ਸੇਵਾ ਸੁਸਾਇਟੀ, ਐਨ. ਆਰ. ਆਈ. ਜਤਿੰਦਰ ਕੁਮਾਰ, ਮਾ: ਰਾਜ ਭਾਟੀਆ ਸਟੇਟ ਅਵਾਰਡੀ, ਮਾ: ਰਵਿੰਦਰ ਸੂਰਾਪੁਰੀ, ਚਰਨਜੀਤ ਕੁਮਾਰ ਚੇਅਰਮੈਨ ਐੱਸ. ਐੱਮ. ਸੀ. ਰਾਕੇਸ਼ ਕੁਮਾਰ ਪ੍ਰਧਾਨ ਨੌਗੱਜਾ ਪੀਰ ਸਪੋਰਟਸ ਕਲੱਬ, ਸਮਾਜ ਸੇਵੀ ਮਨਜੀਤ ਸਿਆਣ ਆਦਿ ਨੇ ਪ੍ਰਾਇਮਰੀ ਸਕੂਲ ਟਕਾਰਲਾ ਦੇ ਬੱਚਿਆਂ ਤੇ ਸਟਾਫ ਨੂੰ ਵਧਾਈਆਂ ਦਿੱਤੀਆਂ। ਉਹਨਾਂ ਕਿਹਾ ਕਿ ਟਕਾਰਲਾ ਸਕੂਲ ਦੀ ਇਸ ਪ੍ਰਾਪਤੀ 'ਤੇ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ, ਪਿੰਡ ਟਕਾਰਲਾ ਦੀਆਂ ਪੰਚਾਇਤਾਂ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ।

# ਰਿਆਤ ਇੰਸਟੀਚਿਊਟ ਆਫ ਫਾਰਮੇਸੀ ਨੇ 2025-26 ਵਿੱਚ ਅਕਾਦਮਿਕ ਅਤੇ ਖੋਜ ਉੱਤਮਤਾ ਪ੍ਰਾਪਤ ਕੀਤੀ

**ਨਵਾਂਸ਼ਹਿਰ /ਕਾਠਗੜ੍ਹ 19 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਲੈਮਰਿਨ ਟੈਕ ਸਕਿੱਲਜ ਯੂਨੀਵਰਸਿਟੀ ਪੰਜਾਬ ਦੇ ਅਧੀਨ ਰਿਆਤ ਇੰਸਟੀਚਿਊਟ ਆਫ ਫਾਰਮੇਸੀ ਨੇ ਅਕਾਦਮਿਕ ਸੈਸਨ 2025-26 ਦੌਰਾਨ ਅਕਾਦਮਿਕ ਅਤੇ ਖੋਜ ਉੱਤਮਤਾ ਵਿੱਚ ਸਾਨਦਾਰ ਤਰੱਕੀ ਪ੍ਰਾਪਤ ਕੀਤੀ ਹੈ। ਸੰਸਥਾ ਨੇ ਪ੍ਰਸਿੱਧ ਰਾਸਟਰੀ ਅਤੇ ਅੰਤਰਰਾਸਟਰੀ ਰਸਾਲਿਆਂ ਵਿੱਚ ਪ੍ਰਕਾਸਨਾਂ ਰਾਹੀਂ ਮਜਬੂਤ ਖੋਜ ਉਤਪਾਦਕਤਾ ਦਾ ਪ੍ਰਦਰਸਨ ਕੀਤਾ ਹੈ। ਕਾਰਜਕਾਰੀ ਡੀਨ ਡਾ. ਐਨ. ਐਸ. ਗਿੱਲ ਨੇ ਸਾਂਝਾ ਕੀਤਾ ਕਿ ਫੈਕਲਟੀ ਮੈਂਬਰਾਂ ਨੇ ਅੰਤਰਰਾਸਟਰੀ ਰਸਾਲਿਆਂ ਵਿੱਚ 41 ਖੋਜ ਅਤੇ ਸਮੀਖਿਆ ਲੇਖ ਪ੍ਰਕਾਸਿਤ ਕੀਤੇ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਉੱਚ-ਪ੍ਰਭਾਵ ਵਾਲੇ ਜਰਨਲਾਂ ਵਿੱਚ 6-9 ਤੱਕ ਪ੍ਰਭਾਵ ਕਾਰਕਾਂ ਦੇ ਨਾਲ ਛਪੇ ਅਤੇ ਸਕੋਪਸ ਵਿੱਚ ਸੂਚੀਬੱਧ ਹਨ।

ਸੰਸਥਾ ਨੇ 9 ਪੇਟੈਂਟ ਦਾਇਰ/ਪ੍ਰਕਾਸਿਤ ਕਰਕੇ ਆਪਣੇ ਨਵੀਨਤਾ ਵਾਤਾਵਰਣ ਨੂੰ ਵੀ ਮਜਬੂਤ ਕੀਤਾ ਹੈ, ਜੋ ਖੋਜ, ਤਕਨਾਲੋਜੀ ਵਿਕਾਸ ਅਤੇ ਬੌਧਿਕ ਸੰਪੱਤੀ ਉਤਪਾਦਨ ਪ੍ਰਤੀ ਆਪਣੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰਾਪਤੀਆਂ ਗੁਣਵੱਤਾ ਖੋਜ, ਨਵੀਨਤਾ ਪ੍ਰਤੀ ਸੰਸਥਾ ਦੇ ਸਮਰਪਣ ਨੂੰ ਉਜਾਗਰ ਕਰਦੀਆਂ ਹਨ।

ਸੰਸਥਾ ਫੈਕਲਟੀ ਅਤੇ ਵਿਦਿਆਰਥੀਆਂ ਨੂੰ ਪ੍ਰਭਾਵਸਾਲੀ ਖੋਜ ਗਤੀਵਿਧੀਆਂ ਵਿੱਚ ਸਾਮਲ ਹੋਣ ਲਈ ਉਤਸਾਹਿਤ ਕਰਨਾ ਜਾਰੀ ਰੱਖਦੀ ਹੈ, ਜੋ ਕਿ ਫਾਰਮਾਸਿਊਟੀਕਲ ਵਿਗਿਆਨ ਅਤੇ ਸਿਹਤ ਸੰਭਾਲ ਨਵੀਨਤਾਵਾਂ ਦੀ ਤਰੱਕੀ ਵਿੱਚ ਯੋਗਦਾਨ ਪਾਉਂਦੀ ਹੈ।



# ਆਟੋ ਵਰਕਰਾਂ ਵਲੋਂ 22 ਮਾਰਚ ਦੀ ਲੁਧਿਆਣਾ ਰੈਲੀ 'ਚ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਐਲਾਨ



**ਨਵਾਂਸਹਿਰ (ਸਤਨਾਮ ਸਿੰਘ ਸਹੂੰਗੜਾ) -** ਇੰਡੀਅਨ ਫੇਡਰੇਸਨ ਆਫ ਟਰੇਡ ਯੂਨੀਅਨਜ (ਇਫਟੂ) ਅਤੇ ਹੋਰ ਜਥੇਬਦੀਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈਕੇ 22 ਮਾਰਚ ਨੂੰ ਦਾਣਾ ਮੰਡੀ ਲੁਧਿਆਣਾ ਵਿਖੇ ਕੀਤੀ ਜਾ ਰਹੀ ਰੈਲੀ ਅਤੇ ਮੁਜਾਹਰੇ ਵਿੱਚ ਸਾਮਲ ਹੋਣ ਲਈ ਨਿਊ ਆਟੋ ਵਰਕਰ ਯੂਨੀਅਨ (ਇਫਟੂ) ਵਲੋਂ ਵੱਡੀ ਗਿਣਤੀ ਵਿੱਚ ਸਾਮਲ ਹੋਣ ਦਾ ਐਲਾਨ ਕੀਤਾ ਹੈ।

ਇਸਦੀ ਤਿਆਰੀ ਲਈ ਇੱਥੇ ਕੀਤੀ ਗਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਆਟੋ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਪੁਨੀਤ ਕਲੇਰ ਅਤੇ ਤਰਨਜੀਤ ਨੇ ਕਿਹਾ ਕਿ ਇਹ ਰੈਲੀ ਅਤੇ ਮੁਜਾਹਰਾ ਚਾਰ ਲੇਬਰ ਕੋਡ ਰੱਦ ਕਰਵਾਉਣ, ਮਗਨਰੇਗਾ ਕਾਨੂੰਨ ਨੂੰ ਬਹਾਲ ਕਰਾਉਣ,ਬਿਜਲੀ ਸੋਧ ਬਿੱਲ 2025 ਵਾਪਿਸ ਕਰਵਾਉਣ ਮਿੱਡ ਡੇਅ ਮੀਲ, ਆਸਾ ਵਰਕਰਾਂ ਸਮੇਤ ਕੱਚੇ ਕਾਮਿਆਂ ਨੂੰ ਪੱਕੇ ਕਰਨ, ਹਰ ਮਜਦੂਰ ਨੂੰ ਪੱਕਾ ਰੁਜਗਾਰ ਅਤੇ ਘੱਟੋ ਘੱਟ ਉਜਰਤ ਪ੍ਰਤੀ ਮਹੀਨਾ 26000 ਰੂਪਏ ਕਰਨ ਆਦਿ ਦੀ ਮੰਗਾਂ ਨੂੰ ਲੈ ਕੇ ਕੀਤਾ ਜਾ ਰਿਹਾ। ਉਹਨਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਤੇ ਦੇਸੀ ਵਿਦੇਸੀ ਸਰਮਾਏਦਾਰਾਂ ਨੂੰ ਖੁਸ ਕਰਨ ਲਈ ਮਜਦੂਰਾਂ ਤੋਂ ਯੂਨੀਅਨ ਬਣਾਉਣ 'ਤੇ ਸੰਘਰਸ ਕਰਨ ਵਰਗੇ ਜਮਹੂਰੀ ਹੱਕ ਖੋਹਣ ਲਈ ਕੇਂਦਰ ਸਰਕਾਰ ਮਜਦੂਰ ਪੱਖੀ 29 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ 4 ਲੇਬਰ ਕੋਡ ਲੈ ਕੇ ਆਈ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਇਹਨਾਂ ਚਾਰ ਲੇਬਰ ਕੋਡਾਂ ਨੂੰ 1 ਅਪ੍ਰੈਲ ਤੋਂ ਲਾਗੂ ਕਰਨ ਦਾ ਐਲਾਨ ਕੀਤਾ ਹੈ ਅਤੇ ਕੇਂਦਰ ਸਰਕਾਰ ਮਜਦੂਰਾਂ ਤੋਂ ਰੁਜਗਾਰ ਖੋਹਣ ਲਈ ਮਗਨਰੇਗਾ ਕਾਨੂੰਨ ਖਤਮ ਕਰਕੇ ਵਿਕਸਤ ਭਾਰਤ ਜੀ ਰਾਮ ਜੀ ਉੱਪਰ ਅਮਲ ਕਰਨ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਲੇਬਰ ਕੋਡ ਲਾਗੂ ਹੋਣ ਨਾਲ ਮਜਦੂਰਾਂ ਕੋਲ ਆਪਣੇ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਅਤੇ ਪ੍ਰਾਪਤ ਕਰਨ ਲਈ ਯੂਨੀਅਨ ਬਣਾਉਣ ਅਤੇ ਸੰਘਰਸ ਕਰਨ ਦਾ ਜਮਹੂਰੀ ਅਧਿਕਾਰ ਖਤਮ ਹੋ ਜਾਵੇਗਾ।

ਕੰਮ ਦਾ ਮਿਹਨਤਾਨਾ ਵਧਾਉਣ ਦੀ ਥਾਂ ਕੰਮ ਘੰਟੇ 8 ਤੋਂ 12 ਘੰਟੇ ਦੀ ਦਿਹਾੜੀ ਹੋਵੇਗੀ। ਮਜਦੂਰ ਮੁਲਾਜਮ ਆਗੂਆਂ ਨੇ ਆਪਣੇ ਜਮਹੂਰੀ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਲਈ ਮਜਦੂਰ ਵਿਰੋਧੀ ਇਹਨਾਂ ਲੇਬਰ ਕੋਡਾ ਨੂੰ ਰੱਦ ਕਰਵਾਉਣ ਲਈ ਇਸ ਮੁਜਾਹਰੇ ਵਿੱਚ ਵੱਡੀ ਗਿਣਤੀ ਵਿੱਚ ਸਾਮਲ ਹੋਣ ਦਾ ਸੱਦਾ ਦਿੱਤਾ ਹੈ। ਆਟੋ ਵਰਕਰਾਂ ਨੇ ਲੁਧਿਅਣਾ ਰੈਲੀ ਵਿੱਚ ਹੁੰਮ ਹੁਮਾ ਕੇ ਪਹੁੰਚਣ ਦਾ ਭਰੋਸਾ ਦਿੱਤਾ।

# ਡਾ. ਰਵਜੋਤ ਸਿੰਘ ਦੀ ਮੌਜੂਦਗੀ 'ਚ ਸੰਮਤੀ ਦੇ ਚੇਅਰਪਰਸਨ ਤੇ ਵਾਈਸ ਚੇਅਰਮੈਨ ਨੇ ਅਹੁਦਾ ਸੰਭਾਲਿਆ



**ਹੁਸਿਆਰਪੁਰ (ਸਤਨਾਮ ਸਿੰਘ ਸਹੂੰਗੜਾ) -** ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਬਲਾਕ ਨੰਬਰ 1 ਦੇ ਨਵੇਂ ਚੁਣੇ ਚੇਅਰਪਰਸਨ ਆਸ਼ਾ ਰਾਣੀ ਅਤੇ ਵਾਈਸ ਚੇਅਰਮੈਨ ਸਤਨਾਮ ਸਿੰਘ ਵਲੋਂ ਅਹੁਦਾ ਸੰਭਾਲਣ ਮੌਕੇ ਕਿਹਾ ਕਿ ਦੋਵਾਂ ਯੋਗ ਨੁਮਾਇੰਦਿਆਂ ਦੀ ਅਗਵਾਈ ਵਿਚ ਬਲਾਕ ਦੇ ਵਿਕਾਸ ਕਾਰਜਾਂ ਨੂੰ ਨਵੀਂ ਗਤੀ ਮਿਲੇਗੀ।

ਐਨ.ਆਰ.ਆਈ ਮਾਮਲਿਆਂ ਦੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਹਲਕੇ ਵਿਚ ਲਗਾਤਾਰ ਵਿਕਾਸ ਕਾਰਜ ਕਰਵਾਉਣ ਦੇ ਨਾਲ-ਨਾਲ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਦਾ ਵੀ ਅਸਰਦਾਰ ਢੰਗ ਨਾਲ ਨਿਪਟਾਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕ ਸਮੱਸਿਆਵਾਂ ਦਾ ਹੱਲ ਵੀ ਪਹਿਲ ਦੇ ਆਧਾਰ 'ਤੇ ਕਰਦਿਆਂ ਨਾਗਰਿਕਾਂ ਨੂੰ ਲੋੜੀਂਦੀਆਂ ਸੇਵਾਵਾਂ ਤੈਅ ਸਮੇਂ ਵਿਚ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸਿੱਖਿਆ ਕ੍ਰਾਂਤੀ ਤਹਿਤ ਸਿੱਖਿਆ ਦੇ ਖੇਤਰ ਵਿਚ ਵੱਡੇ ਸੁਧਾਰ ਲਿਆਂਦੇ ਗਏ ਹਨ ਜਿਨ੍ਹਾਂ ਨਾਲ ਸੂਬੇ ਅੰਦਰ ਸਿੱਖਿਆ ਦੇ ਮਿਆਰ ਨੂੰ ਨਵੀਂ ਦਿਸ਼ਾ ਮਿਲੀ ਹੈ। ਉਨ੍ਹਾਂ ਕਿਹਾ ਸਿਹਤ ਖੇਤਰ ਵਿਚ ਆਮ ਆਦਮੀ ਕਲੀਨਿਕਾਂ ਨੇ ਲੋਕਾਂ ਨੂੰ ਘਰਾਂ ਨੇੜੇ ਹੀ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨੀਆਂ ਯਕੀਨੀ ਬਣਾਈਆਂ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਅਤੇ ਹਰ ਖੇਤਰ ਵਿਚ ਇਕਸਾਰ ਵਿਕਾਸ ਕਾਰਜ ਕਰਵਾ ਕੇ ਸੂਬੇ ਨੂੰ ਤਰੱਕੀ ਦੀਆਂ ਨਵੀਆਂ ਉਚਾਈਆਂ 'ਤੇ ਲੈ ਕੇ ਜਾ ਰਹੀ ਹੈ।

# ਚੱਬੇਵਾਲ ਹਲਕੇ ਦੇ ਵਿਕਾਸ ਲਈ ਮੈਂ ਸਦਾ ਹੀ ਵਚਨਬੱਧ ਰਹਾਂਗਾ - ਡਾ ਇਸ਼ਾਂਕ



**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ) -** ਪਿੰਡ ਜਿਆਣ ਦੇ ਪੰਚਾਇਤ ਮੈਂਬਰਾਂ ਅਤੇ ਮੋਹਤਬਰ ਵਸਨੀਕਾਂ ਨੇ ਚੱਬੇਵਾਲ ਵਿਖੇ ਵਿਧਾਇਕ ਡਾ. ਇਸ਼ਾਂਕ ਕੁਮਾਰ ਦੇ ਦਫਤਰ ਵਿੱਚ ਪਹੁੰਚ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਅਤੇ ਪਿੰਡ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਅਤੇ ਹੋਰ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ . ਵਿਧਾਇਕ ਨੇ ਵਿਕਾਸ ਕਾਰਜਾਂ ਦੀ ਪ੍ਰਗਤੀ ਦੀ ਸਮੀਖਿਆ ਕਰਦੇ ਹੋਏ ਸਾਰੇ ਕੰਮ ਸਮੇਂ ਸਿਰ ਪੂਰੇ ਕਰਨ ਦਾ ਭਰੋਸਾ ਦਿੱਤਾ। ਇਸ ਦੌਰਾਨ ਦੱਸਿਆ ਗਿਆ ਕਿ ਪਿੰਡ ਜਿਆਣ ਵਿੱਚ ਲਗਭਗ 40 ਲੱਖ ਦੀ ਲਾਗਤ ਨਾਲ ਸੀਵਰੇਜ ਪ੍ਰੋਜੈਕਟ ਚੱਲ ਰਿਹਾ ਹੈ। ਇਸ ਵਿੱਚੋਂ ਪਹਿਲਾਂ 24 ਲੱਖ ਜਾਰੀ ਕੀਤੇ ਜਾ ਚੁੱਕੇ ਸਨ, ਜਦਕਿ ਬਾਕੀ 16 ਲੱਖ ਵਿੱਚੋਂ ਹੁਣ 8 ਲੱਖ ਹੋਰ ਜਾਰੀ ਕਰ ਦਿੱਤੇ ਗਏ ਹਨ ਅਤੇ ਬਾਕੀ ਰਕਮ ਵੀ ਜਲਦੀ ਜਾਰੀ ਕਰ ਦਿੱਤੀ ਜਾਵੇਗੀ, ਤਾਂ ਜੋ ਕੰਮ ਵਿੱਚ ਕੋਈ ਰੁਕਾਵਟ ਨਾ ਆਵੇ। ਪਿੰਡ ਵਾਸੀਆਂ ਨੇ 9 ਲੱਖ ਦੀ ਲਾਗਤ ਨਾਲ ਲਗਾਏ ਗਏ ਸਿੰਚਾਈ ਟਿਊਬਵੈੱਲ ਲਈ ਵਿਧਾਇਕ ਦਾ ਧੰਨਵਾਦ ਕੀਤਾ, ਜਿਸ ਨਾਲ ਪਿੰਡ ਦੇ ਕਿਸਾਨਾਂ ਨੂੰ ਕਾਫੀ ਲਾਭ ਮਿਲੇਗਾ। ਇਸ ਤੋਂ ਇਲਾਵਾ, ਸਟੇਡੀਅਮ, ਧਰਮਸਾਲਾ, ਛੱਪੜ ਆਦਿ ਦੇ ਵਿਕਾਸ ਕਾਰਜਾਂ ਲਈ ਲਗਭਗ 27 ਲੱਖ ਰੁਪਏ ਦੀਆਂ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ, ਡਾ. ਇਸਾਂਕ ਕੁਮਾਰ ਨੇ ਦੱਸਿਆ ਕਿ 2.22 ਕਰੋੜ ਰੁਪਏ ਦੀ ਲਾਗਤ ਨਾਲ ਜਿਆਣ ਦੇ ਸੜਕ ਸੰਪਰਕ ਨੂੰ ਵੀ ਮਜਬੂਤ ਕੀਤਾ ਜਾ ਰਿਹਾ ਹੈ। ਜਿਆਣ ਦੇ ਆਲੇ-ਦੁਆਲੇ ਸੜਕਾਂ ਦਾ ਇੱਕ ਨੈੱਟਵਰਕ ਜਿਸ ਵਿੱਚ ਮੰਡੀ ਜਿਆਣ ਤੱਕ 1.15 ਕਿਲੋਮੀਟਰ ਦੀ ਪਹੁੰਚ ਸੜਕ, ਹੁਸ?ਿਆਰਪੁਰ ਗੜ੍ਹਸੰਕਰ ਸੜਕ ਤੋਂ ਜਿਆਣ 0.57 ਕਿਲੋਮੀਟਰ, ਜਿਆਣ ਤੋਂ ਹੁਸ਼ਿਆਰਪੁਰ ਚੰਡੀਗੜ੍ਹ ਸੜਕ 0.37 ਕਿਲੋਮੀਟਰ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਜਿਸ ਨਾਲ ਆਵਾਜਾਈ ਅਤੇ ਕਨੈਕਟਿਵਿਟੀ ਵਿੱਚ ਵੱਡਾ ਸੁਧਾਰ ਆਵੇਗਾ।

# ਸੰਤ ਸਰਵਣ ਦਾਸ ਮਾਡਲ ਸਕੂਲ ਦੀ ਖੇਡਾਂ ਵਿੱਚ ਵੀ ਬੱਲੇ ਬੱਲੇ

**ਫਗਵਾੜਾ (ਚਰਨਜੀਤ ਸੱਲ੍ਹਾਂ )** ਪਿਛਲੇ ਸਾਲ ਹੋਈਆਂ ਸਕੂਲ ਖੇਡਾਂ ਵਿੱਚ ਸੰਤ ਸਰਵਣ ਦਾਸ ਮਾਡਲ ਸਕੂਲ ਹਦੀਆਬਾਦ ਫਗਵਾੜਾ ਦੇ ਵਿਦਿਆਰਥੀਆਂ ਨੇ ਖੇਡਾਂ ਵਿੱਚ ਵੀ ਜਿੱਤ ਦੇ ਝੰਡੇ ਗੱਡੇ, ਜਿੱਥੇ ਵੱਖ ਵੱਖ ਖੇਡਾਂ ਵਿੱਚ ਸਟੇਟ ਪੱਧਰ ਤੇ ਪਹਿਲਾਂ ਸਥਾਨ ਹਾਸਿਲ ਕੀਤਾ ਉੱਥੇ ਹੀ ਸਕੂਲ ਦੀ ਦਸਵੀਂ ਜਮਾਤ ਦੀ ਵਿਦਿਆਰਥਣ ਸਲੋਨੀ ਨੇ ਜੂਡੋ ਕਰਾਟੇ ਵਿੱਚ world record ਪੈਦਾ ਕੀਤਾ!

ਇਸ ਲਈ ਸਕੂਲ ਦੇ admin ਸ ਬਲਬੀਰ ਸਿੰਘ, ਪ੍ਰਿਸੀਪਲ ਮੈਡਮ ਬਬੀਤਾ ਸੈਣੀ ਜੀ ਅਤੇ Sports Staff, ਖੇਡਾਂ ਵਿੱਚ ਹਿੱਸਾ ਲੈਣ ਵਾਲੇ ਖਿਡਾਰੀ ਵਧਾਈ ਦੇ ਪਾਤਰ ਨੇ, ਇਸ ਦੇ ਨਾਲ਼ ਨਾਲ਼ ਹੀ ਖਿਡਾਰੀਆਂ ਦੇ ਮਾਪੇ ਵੀ ਵਧਾਈ ਦੇ ਪਾਤਰ ਨੇ ਜਿਹਨਾਂ ਨੇ ਆਪਣੇ ਬੱਚਿਆਂ ਨੂੰ ਖੇਡਾਂ ਵਿੱਚ ਪ੍ਰੋਫਾਰਮ ਕਰਨ ਲਈ ਪ੍ਰੇਰਿਆ ਅਤੇ ਸਹਿਯੋਗ ਕੀਤਾ, ਸਕੂਲ ਦੀ Parents comety ਵਲੋਂ ਵੀ ਬਹੁਤ ਬਹੁਤ ਮੁਬਾਰਕਾਂ ਸਤਿਗੁਰੂ ਰਵਿਦਾਸ ਜੀ ਅਤੇ ਸੰਤ ਨਿਰੰਜਨ ਦਾਸ ਮਹਾਰਾਜ ਜੀ ਕ੍ਰਿਪਾ ਕਰਨ ਸਾਡਾ ਸਕੂਲ ਅੱਗੇ ਤੋਂ ਹੋਰ ਵੀ ਬੁਲੰਦੀਆਂ ਨੂੰ ਛੂਹੇ ਅਤੇ ਤਰੱਕੀਆਂ ਕਰੇ।



# ਭੀਲੋਵਾਲ ਵਿਖੇ ਮੈਡੀਕਲ ਚੈਕ-ਅਪ ਅਤੇ ਐਕਸ-ਰੇ ਕੈਂਪ ਦਾ ਆਯੋਜਨ



**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ) -** ਸਿਵਲ ਸਰਜਨ ਹੁਸ਼ਿਆਰਪੁਰ ਡਾ.ਮਨਦੀਪ ਕਮਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਪਿੰਡ ਭੀਲੋਵਾਲ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ.ਮਨਪ੍ਰੀਤ ਸਿੰਘ ਬੈਂਸ ਦੀ ਅਗਵਾਈ ਹੇਠ ਮੁਫਤ ਮੈਡੀਕਲ ਚੈਕਅਪ ਅਤੇ ਐਕਸ-ਰੇ ਕੈਂਪ ਲਗਾਇਆ ਗਿਆ ਜਿਸ ਵਿੱਚ ਲੱਗਭਗ 100 ਤੋਂ ਉਪਰ ਲੋਕਾਂ ਦੀ ਸਿਹਤ ਜਾਂਚ ਅਤੇ 66 ਲੋਕਾਂ ਦੇ ਫ੍ਰੀ ਐਕਸ ਰੇ ਕੀਤੇ ਗਏ। ਇਸ ਮੌਕੇ ਡਾ.ਮਨਪ੍ਰੀਤ ਸਿੰਘ ਬੈਂਸ ਨੇ ਕਿਹਾ ਕਿ ਇਸ ਕੈਂਪ ਦਾ ਮੁੱਖ ਉਦੇਸ ਪਿੰਡ ਦੇ ਲੋਕਾਂ ਨੂੰ ਸਿਹਤ ਸੇਵਾਵਾਂ ਦੇ ਪ੍ਰਤੀ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਮੁਫਤ ਇਲਾਜ ਦੀ ਸਹੂਲਤ ਪ੍ਰਦਾਨ ਕਰਨਾ ਸੀ।। ਉਨਾਂ ਦੱਸਿਆ ਕਿ ਅੱਜ ਇਸ ਕੈਂਪ ਵਿੱਚ ਐਕਸ-ਰੇ ਦੀ ਸੁਵਿਧਾ ਵੀ ਮੁਹੱਈਆ ਕਰਵਾਈ ਗਈ, ਜਿਸ ਨਾਲ ਕਈ ਮਰੀਜਾਂ ਨੂੰ ਤੁਰੰਤ ਲਾਭ ਮਿਲਿਆ। ਉਨਾਂ ਦੱਸਿਆ ਕਿ ਇਸ ਕੈਂਪ ਵਿੱਚ ਕੈਂਪ ਦੌਰਾਨ ਤਜਰਬੇਕਾਰ ਡਾਕਟਰਾਂ ਦੀ ਟੀਮ ਵੱਲੋਂ ਮਰੀਜਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਲੋੜੀਂਦੀ ਦਵਾਈਆਂ ਵੀ ਮੁਫਤ ਦਿੱਤੀਆਂ ਗਈਆਂ। ਉਨਾਂ ਕਿਹਾ ਕਿ ਅਜਿਹੇ ਕੈਂਪ ਆਉਣ ਵਾਲੇ ਸਮੇਂ ਵਿੱਚ ਵੀ ਲਗਾਤਾਰ ਲਗਾਏ ਜਾਣਗੇ ਤਾਂ ਜੋ ਹਰ ਵਿਅਕਤੀ ਤੱਕ ਸਿਹਤ ਸੇਵਾਵਾਂ ਪਹੁੰਚ ਸਕਣ। ਕੈਂਪ ਦੌਰਾਨ ਬਲੱਡ ਪ੍ਰੈਸਰ, ਸੂਗਰ, ਐਚ.ਬੀ ਅਤੇ ਆਮ ਬਿਮਾਰੀਆਂ ਦੀ ਜਾਂਚ ਕੀਤੀ ਗਈ। ਇਸ ਮੌਕੇ ਐਸ.ਟੀ.ਐਸ ਭੁਪਿੰਦਰ ਕੌਰ ਵਲੋਂ ਲੋਕਾਂ ਨੂੰ ਟੀ.ਬੀ ਦੀ ਬੀਮਾਰੀ ਦੀ ਰੋਕਥਾਮ ਸੰਬੰਧੀ 100 ਦਿਨਾਂ ਟੀ.ਬੀ ਮੁਕਤ ਅਭਿਆਨ ਬਾਰੇ ਜਾਣਕਾਰੀ ਦਿੱਤੀ ਗਈ । ਉਨਾਂ ਦੱਸਿਆ ਕਿ ਟੀ.ਬੀ ਹੁਣ ਲਾਇਲਾਜ ਨਹੀ ਹੈ ਅਤੇ ਇਸਦਾ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਕੀਤਾ ਜਾਂਦਾ ਹੈ, ਇਸ ਲਈ ਮਰੀਜ਼ ਨੂੰ ਹੁਣ ਘਬਰਾਉਣ ਦੀ ਲੋੜ ਨਹੀ। ਇਸ ਮੁਹਿਮ ਤਹਿਤ ਸ਼ਕੀ ਮਰੀਜ਼ਾਂ ਦੇ ਟੈਸਟ ਅਤੇ ਐਕਸ-ਰੇ ਸਿਹਤ ਵਿਭਾਗ ਵਲੋਂ ਮੁਫ਼ਤ ਕੀਤੇ ਜਾਂਦੇ ਹਨ। ਉਨਾਂ ਕਿਹਾ ਕਿ ਜੇ ਕਿਸੇ ਨੂੰ ਲੰਮੇ ਸਮੇਂ ਤੱਕ ਖੰਘ, (ਅਕਸਰ ਦੋ ਹਫਤਿਆਂ ਤੋਂ ਵੱਧ), ਰਾਤ ਨੂੰ ਬਹੁਤ ਜ਼ਿਆਦਾ ਆਉਂਦਾ, ਹਲਕਾ ਜਾਂ ਮਧਿਅਮ ਦਰਜੇ ਦਾ ਬੁਖਾਰ, ਸਰੀਰ ਦੀ ਥਕਾਵਟ ਅਤੇ ਕਮਜ਼ੋਰੀ ਮਹਿਸੂਸ ਹੋਣਾ, ਅਚਾਨਕ ਜਾਂ ਬਿਨਾਂ ਕਿਸੇ ਕਾਰਨ ਤੋਂ ਭਾਰ ਘਟਣਾ, ਫੇਫੜਿਆਂ ਵਿੱਚ ਇਨਫੈਕਸ਼ਨ ਹੋਣ ਕਾਰਨ ਛਾਤੀ ਵਿੱਚ ਦਰਦ ਅਤੇ ਤਣਾਅ, ਖੰਘਣ ਦੌਰਾਨ ਖੂਨ ਆਉਣਾ ਆਦਿ ਵਰਗੇ ਲੱਛਣ ਨਜ਼ਰ ਆਉਣ ਤਾਂ ਉਹ ਆਪਣਾ ਟੀ.ਬੀ ਦਾ ਟੈਸਟ ਜ਼ਰੂਰ ਕਰਵਾਏ ਤਾਂ ਜੋ ਸਮੇਂ ਸਿਰ ਇਸ ਬੀਮਾਰੀ ਦਾ ਇਲਾਜ ਹੋ ਸਕੇ ।

# ਜਲੰਧਰ ਵਿੱਚ ਮੀਡੀਆ ਹਾਊਸ ’ਤੇ ਹਮਲਾ ਅਤੇ ਭਾਜਪਾ ਆਗੂਆਂ ਦੀ ਗ੍ਰਿਫਤਾਰੀ ਐਮਰਜੈਂਸੀ ਦੇ ਦੌਰ ਦੀ ਯਾਦ ਦਿਵਾਉਂਦੀ ਹੈ: ਡਾ. ਰਮਨ ਘਈ

**ਹੁਸਿਆਰਪੁਰ (ਤਰਸੇਮ ਦੀਵਾਨਾ ) -** ਭਾਜਪਾ ਸਪੋਰਟਸ ਸੈੱਲ ਪੰਜਾਬ ਵੱਲੋਂ ਬੀਤੇ ਦਿਨੀਂ ਜਲੰਧਰ ਵਿੱਚ ਮੀਡੀਆ ਹਾਊਸ ਨਾਲ ਸਬੰਧਤ ਸੰਸਥਾ ‘ਤੇ ਸਰਕਾਰ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਚਲਾਏ ਗਏ ਬੁਲਡੋਜਰ ਅਤੇ ਸਰਕਾਰ ਦੀ ਇਸ ਕਾਰਵਾਈ ਦਾ ਵਿਰੋਧ ਕਰ ਰਹੇ ਭਾਜਪਾ ਅਤੇ ਹੋਰ ਲੋਕਾਂ ਦੀ ਗ੍ਰਿਫਤਾਰੀ ਦੇ ਸਬੰਧ ਵਿੱਚ ਭਾਜਪਾ ਸਪੋਰਟਸ ਸੈੱਲ ਦੇ ਸਾਬਕਾ ਸੂਬਾਈ ਪ੍ਰਧਾਨ ਡਾ. ਰਮਨ ਘਈ ਦੀ ਪ੍ਰਧਾਨਗੀ ਹੇਠ ਰੋਸ ਪ੍ਰਦਰਸਨ ਕੀਤਾ ਗਿਆ।



ਇਸ ਮੌਕੇ ਡਾ. ਘਈ ਨੇ ਕਿਹਾ ਕਿ ਜਲੰਧਰ ਵਿੱਚ ਇੱਕ ਮੀਡੀਆ ਹਾਊਸ ਨਾਲ ਸਬੰਧਤ ਸੰਸਥਾ ਅਤੇ ਭਾਜਪਾ ਆਗੂਆਂ ਅਤੇ ਹੋਰ ਪਤਵੰਤਿਆਂ ਦੀ ਗ੍ਰਿਫਤਾਰੀ ਅੱਜ ਪੰਜਾਬ ਵਾਸੀਆਂ ਨੂੰ ਐਮਰਜੈਂਸੀ ਦਾ ਦੌਰ ਯਾਦ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਚਰਮਰਾਅ ਚੁੱਕੀ ਹੈ ਅਤੇ ਲੋਕਾਂ ਨੂੰ ਆਪਣੀਆਂ ਬੁਨਿਆਦੀ ਲੋੜਾਂ ਲਈ ਵੀ ਸੰਘਰਸ ਕਰਨਾ ਪੈ ਰਿਹਾ ਹੈ। ਡਾ. ਘਈ ਨੇ ਕਿਹਾ ਕਿ ਸਰਕਾਰ ਦੇ 4 ਸਾਲ ਤੋਂ ਵੱਧ ਦੇ ਕਾਰਜਕਾਲ ਵਿੱਚ ਸਰਕਾਰੀ ਅਤੇ ਗੈਰ-ਸਰਕਾਰੀ ਵਰਗ ਬੁਰੀ ਤਰ੍ਹਾਂ ਮੁਸਕਲਾਂ ਦੇ ਦੌਰ ਵਿੱਚੋਂ ਗੁਜਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਜਿਸ ਉਮੀਦ ਨਾਲ ਸੂਬੇ ਵਿੱਚ ਸਰਕਾਰ ਨੂੰ ਭਾਰੀ ਬਹੁਮਤ ਨਾਲ ਜਿਤਾਇਆ ਸੀ, ਅੱਜ ਸੂਬੇ ਦੇ ਲੋਕ ਆਪਣੇ ਇਸ ਫੈਸਲੇ ‘ਤੇ ਪਛਤਾ ਰਹੇ ਹਨ ਅਤੇ ਬੇਸਬਰੀ ਨਾਲ 2027 ਦਾ ਇੰਤਜਾਰ ਕਰ ਰਹੇ ਹਨ। ਇਸ ਰੋਸ ਪ੍ਰਦਰਸਨ ਨੂੰ ਸੰਬੋਧਨ ਕਰਦਿਆਂ ਡਾ. ਘਈ ਨੇ ਰਾਜਪਾਲ ਕੋਲੋਂ ਮੰਗ ਕੀਤੀ ਕਿ ਜਿਨ੍ਹਾਂ ਅਧਿਕਾਰੀਆਂ ਨੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰ ਕੇ ਪ੍ਰਦਰਸਨ ਕਰ ਰਹੇ ਆਗੂਆਂ ਨਾਲ ਗਲਤ ਵਿਵਹਾਰ ਕਰ ਕੇ ਗ੍ਰਿਫਤਾਰ ਕੀਤਾ, ਉਨ੍ਹਾਂ ਖਿਲਾਫ ਕਦਮ ਚੁੱਕ ਕੇ ਕਾਰਵਾਈ ਕੀਤੀ ਜਾਵੇ। ਡਾ. ਘਈ ਨੇ ਭਵਿੱਖ ਵਿੱਚ ਰਾਜਪਾਲ ਕੋਲੋਂ ਪੰਜਾਬ ਦੇ ਲੋਕਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਦੀ ਵੀ ਮੰਗ ਕੀਤੀ ਤਾਂ ਜੋ ਲੋਕ ਬਾਬਾ ਸਾਹਿਬ ਦੁਆਰਾ ਦਿੱਤੇ ਸੰਵਿਧਾਨ ਦੇ ਆਪਣੇ ਅਧਿਕਾਰਾਂ ਦੀ ਵਰਤੋਂ ਕਰ ਕੇ ਅਨਿਆਏ ਵਿਰੁੱਧ ਆਪਣੀ ਆਵਾਜ ਪ੍ਰਦਰਸਨ ਕਰ ਕੇ ਬੁਲੰਦ ਕਰ ਸਕਣ। ਇਸ ਰੋਸ ਪ੍ਰਦਰਸਨ ਵਿੱਚ ਭਾਜਪਾ ਆਗੂ ਡਾ. ਪੰਕਜ ਸਰਮਾ, ਡਾ. ਰਾਜਕੁਮਾਰ ਸੈਣੀ, ਜਸਵੀਰ ਸਿੰਘ, ਡਾ. ਵਸ਼ਿਸਟ ਕੁਮਾਰ, ਮੋਹਿਤ ਸੰਧੂ, ਕਰਨ ਕੁਮਾਰ, ਕਰਨੈਲ ਸਿੰਘ, ਮਨਵੀਰ ਕੁਮਾਰ, ਜਗਜੀਤ ਸਿੰਘ, ਬੱਬਲੂ, ਅਮਨ ਕੁਮਾਰ, ਗਗਨਦੀਪ ਸਿੰਘ, ਹਰਪ੍ਰੀਤ ਆਦਿ ਕਾਰਕੁਨ ਹਾਜਰ ਸਨ।

# ਆਰ.ਸੀ.ਐਫ. ਵਿੱਚ ਸੁਰੱਖਿਆ ਦੀ ਭਿਆਨਕ ਅਣਗੋਲੀ ਬੇਕਾਬੂ ਮੀਮੂ ਰੇਕ ਨੇ ਤੋੜੇ ਗੇਟ

## *ਯੂਨੀਅਨ ਨੇ ‘ਅੰਨ੍ਹੇਵਾਹ ਆਊਟਸੋਰਸਿੰਗ’ ਨੂੰ ਠਹਿਰਾਇਆ ਜਿੰਮੇਵਾਰ*

**ਕਪੂਰਥਲਾ, 19 ਮਾਰਚ (ਕੌੜਾ )-** ਰੇਲ ਕੋਚ ਫੈਕਟਰੀ (ਆਰ.ਸੀ.ਐਫ.) ਕਪੂਰਥਲਾ ਵਿੱਚ ਅੱਜ ਇੱਕ ਅਜਿਹੀ ਭਿਆਨਕ ਦੁਰਘਟਨਾ ਵਾਪਰੀ ਜਿਸ ਨੇ ਫੈਕਟਰੀ ਪ੍ਰਸਾਸਨ ਦੇ ਸੁਰੱਖਿਆ ਦਾਅਵਿਆਂ ਅਤੇ ਕਾਰਜ ਪ੍ਰਣਾਲੀ ‘ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ, ਇੱਕ ਨਵੇਂ ਬਣੇ ਮੀਮੂ ਰੇਕ ਦੀ ਟੈਸਟਿੰਗ ਦੌਰਾਨ ਭਾਰੀ ਤਕਨੀਕੀ ਲਾਪਰਵਾਹੀ ਵਰਤੀ ਗਈ, ਜਿਸ ਕਾਰਨ ਰੇਕ ਪੂਰੀ ਤਰ੍ਹਾਂ ਬੇਕਾਬੂ ਹੋ ਗਿਆ। ਇਹ ਬੇਕਾਬੂ ਰੇਕ ਕੋਚ ਕੰਪਲੀਸਨ ਸਾਪ ਦੇ ਰਸਤੇ ਵਿੱਚ ਲੱਗੇ ਭਾਰੀ ਲੋਹੇ ਦੇ ਦੋਵੇਂ ਗੇਟਾਂ ਨੂੰ ਉਖਾੜਦਾ ਹੋਇਆ ਵੈਸਟ ਕਲੋਨੀ ਦੀ ਮੁੱਖ ਲਾਈਨ ਵੱਲ ਨਿਕਲ ਗਿਆ। ਇਸ ਭਿਆਨਕ ਟੱਕਰ ਵਿੱਚ ਰੇਕ ਦਾ ਡੀ ਐੱਮ ਸੀ ਡਰਾਈਵਿੰਗ ਮੋਟਰ ਕੋਚ ਪਟੜੀ ਤੋਂ ਉਤਰ ਗਿਆ। ਪ੍ਰਤੱਖਦਰਸੀਆਂ ਮੁਤਾਬਕ, ਹਾਦਸਾ ਇੰਨਾ ਜਬਰਦਸਤ ਸੀ ਕਿ ਉੱਥੋਂ ਲੰਘ ਰਹੀ ਇੱਕ ਕਾਰ ਵਾਲ-ਵਾਲ ਬਚੀ, ਨਹੀਂ ਤਾਂ ਇੱਕ ਵੱਡੀ ਜਾਨੀ ਹਾਨੀ ਨਿਸਚਿਤ ਸੀ। ਹਾਲਾਂਕਿ ਇਸ ਘਟਨਾ ਵਿੱਚ ਕੋਈ ਹਤਾਹਤ ਨਹੀਂ ਹੋਇਆ, ਪਰ ਰੇਲਵੇ ਦੀ ਕਰੋੜਾਂ ਰੁਪਏ ਦੀ ਜਾਇਦਾਦ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।




ਆਰ.ਸੀ.ਐਫ. ਐਮਪਲਾਈਜ ਯੂਨੀਅਨ ਦੇ ਪ੍ਰਧਾਨ ਅਮਰੀਕ ਸਿੰਘ ਅਤੇ ਜਨਰਲ ਸਕੱਤਰ ਸਰਵਜੀਤ ਸਿੰਘ ਨੇ ਇਸ ਘਟਨਾ ‘ਤੇ ਸਖਤ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਪ੍ਰਸਾਸਨ ਦੀ ‘ਅੰਨ੍ਹੇਵਾਹ ਆਊਟਸੋਰਸਿੰਗ’ ਅਤੇ ਨਿੱਜੀਕਰਨ ਦੀਆਂ ਨੀਤੀਆਂ ਇਸ ਵਿਨਾਸਕਾਰੀ ਹਾਦਸੇ ਦੀ ਮੁੱਖ ਜੜ੍ਹ ਹਨ। ਯੂਨੀਅਨ ਨੇ ਦੋਸ ਲਾਇਆ ਕਿ ਪ੍ਰਸਾਸਨ ਮਹੱਤਵਪੂਰਨ ਤਕਨੀਕੀ ਕੰਮਾਂ ਅਤੇ ਸੁਰੱਖਿਆ ਪ੍ਰੋਟੋਕੋਲ ਨਾਲ ਜੁੜੇ ਸੰਵੇਦਨਸੀਲ ਖੇਤਰਾਂ ਵਿੱਚ ਵੀ ਅਣਸਿੱਖਿਅਤ ਠੇਕਾ ਕਰਮਚਾਰੀਆਂ ਨੂੰ ਤਾਇਨਾਤ ਕਰ ਰਿਹਾ ਹੈ। ਇਹਨਾਂ ਕਰਮਚਾਰੀਆਂ ਕੋਲ ਨਾ ਤਾਂ ਲੋੜੀਂਦਾ ਤਕਨੀਕੀ ਹੁਨਰ ਹੈ, ਅਤੇ ਨਾ ਹੀ ਰੇਲਵੇ ਦੇ ਸੁਰੱਖਿਆ ਮਾਪਦੰਡਾਂ ਦਾ ਗਿਆਨ। ਸੁਰੱਖਿਆ ਵਰਗੇ ਗੰਭੀਰ ਵਿਸੇ ‘ਤੇ ਠੇਕਾ ਪ੍ਰਥਾ ਰਾਹੀਂ ਕੀਤਾ ਜਾ ਰਿਹਾ ਇਹ ਸਮਝੌਤਾ ਨਾ ਕੇਵਲ ਰੇਲਵੇ ਦੀ ਜਾਇਦਾਦ, ਬਲਕਿ ਕਰਮਚਾਰੀਆਂ ਅਤੇ ਕਲੋਨੀ ਨਿਵਾਸੀਆਂ ਦੇ ਜੀਵਨ ਲਈ ਵੀ ਇੱਕ ਵੱਡਾ ਖਤਰਾ ਬਣ ਚੁੱਕਾ ਹੈ।

ਜਨਰਲ ਸਕੱਤਰ ਸਰਵਜੀਤ ਸਿੰਘ ਨੇ ਪ੍ਰਸਾਸਨ ਨੂੰ ਸਪੱਸਟ ਚੇਤਾਵਨੀ ਦਿੰਦੇ ਹੋਏ ਮੰਗ ਕੀਤੀ ਕਿ ਇਸ ਗੰਭੀਰ ਚੂਕ ਲਈ ਜਿੰਮੇਵਾਰ ਸਬੰਧਤ ਅਧਿਕਾਰੀਆਂ ਅਤੇ ਸੁਪਰਵਾਈਜਰਾਂ ਦੇ ਵਿਰੁੱਧ ਤੁਰੰਤ ਸਖਤ ਅਨੁਸਾਸਨੀ ਅਤੇ ਵਿਭਾਗੀ ਕਾਰਵਾਈ ਡੀ ਐਂਡ ਏ ਆਰ ਕੀਤੀ ਜਾਵੇ। ਜਿਸ ਨਿੱਜੀ ਕੰਪਨੀ ਦੇ ਅਣਸਿੱਖਿਅਤ ਕਰਮਚਾਰੀਆਂ ਕਾਰਨ ਇਹ ਹਾਦਸਾ ਹੋਇਆ, ਉਸ ਦਾ ਟੈਂਡਰ ਤੁਰੰਤ ਪ੍ਰਭਾਵ ਨਾਲ ਰੱਦ ਕੀਤਾ ਜਾਵੇ, ਟੈਸਟਿੰਗ, ਸੰਟਿੰਗ ਅਤੇ ਹੋਰ ਸੁਰੱਖਿਆ ਨਾਲ ਜੁੜੇ ਮਹੱਤਵਪੂਰਨ ਕੰਮਾਂ ਵਿੱਚ ਆਊਟਸੋਰਸਿੰਗ ਨੂੰ ਪੂਰੀ ਤਰ੍ਹਾਂ ਬੰਦ ਕੀਤਾ ਜਾਵੇ ਅਤੇ ਕੇਵਲ ਕੁਸਲ ਤੇ ਤਜਰਬੇਕਾਰ ਰੈਗੂਲਰ ਰੇਲਵੇ ਕਰਮਚਾਰੀਆਂ ਨੂੰ ਹੀ ਤਾਇਨਾਤ ਕੀਤਾ ਜਾਵੇ।

ਯੂਨੀਅਨ ਨੇ ਅੰਤ ਵਿੱਚ ਚੇਤਾਵਨੀ ਦਿੱਤੀ ਹੈ ਕਿ ਜੇਕਰ ਪ੍ਰਸਾਸਨ ਇਸ ਭ੍ਰਿਸਟ ਕਾਰਜ ਪ੍ਰਣਾਲੀ ਅਤੇ ਸੁਰੱਖਿਆ ਚੂਕ ‘ਤੇ ਕੋਈ ਠੋਸ ਕਾਰਵਾਈ ਨਹੀਂ ਕਰਦਾ, ਤਾਂ ਆਰ.ਸੀ.ਐਫ. ਐਮਪਲਾਈਜ ਯੂਨੀਅਨ ਕਰਮਚਾਰੀਆਂ ਅਤੇ ਕਲੋਨੀ ਨਿਵਾਸੀਆਂ ਦੀ ਸੁਰੱਖਿਆ ਲਈ ਵੱਡੇ ਪੱਧਰ ‘ਤੇ ਰੋਸ ਪ੍ਰਦਰਸਨ ਅਤੇ ਅੰਦੋਲਨ ਕਰਨ ਲਈ ਮਜਬੂਰ ਹੋਵੇਗੀ।

# ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵੱਡਾ ਕਦਮ: ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਪਿੰਡ ਜਗਤਪੁਰ ਦੇ ਖੇਡ ਮੈਦਾਨ ਲਈ 2 ਲੱਖ ਦੀ ਗ੍ਰਾਂਟ

ਬਲਾਚੌਰ, 17 ਮਾਰਚ ( ਜਤਿੰਦਰ ਪਾਲ ਸਿੰਘ ਕਲੇਰ ) ਪਿੰਡਾਂ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਖੇਡ ਮੈਦਾਨਾਂ ਨਾਲ ਜੋੜਨ ਦੇ ਮਕਸਦ ਨਾਲ ਆਮ ਆਦਮੀ ਪਾਰਟੀ ਦੇ ਜ਼?ਲ੍ਹਾ ਪ੍ਰਧਾਨ ਅਤੇ ਜ਼?ਲ੍ਹਾ ਪਲੈਨਿੰਗ ਬੋਰਡ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਵੱਲੋਂ ਅੱਜ ਇੱਕ ਅਹਿਮ ਉਪਰਾਲਾ ਕੀਤਾ ਗਿਆ। ਉਨ੍ਹਾਂ ਨੇ ਪਿੰਡ ਜਗਤਪੁਰ ਵਿਖੇ ਖੇਡ ਮੈਦਾਨ ਦੀ ਸਾਂਭ-ਸੰਭਾਲ ਅਤੇ ਵਿਕਾਸ ਕਾਰਜਾਂ ਲਈ 2 ਲੱਖ ਰੁਪਏ ਦੀ ਵਿੱਤੀ ਸਹਾਇਤਾ ਰਾਸੀ ਪ੍ਰਦਾਨ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਚੇਅਰਮੈਨ ਜਲਾਲਪੁਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਨੌਜਵਾਨਾਂ ਨੂੰ ਨਸ਼?ਆਂ ਦੀ ਦਲਦਲ ਵਿੱਚੋਂ ਕੱਢ ਕੇ ਖੇਡਾਂ ਵੱਲ ਪ੍ਰੇਰਿਤ ਕਰਨਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪਿੰਡ ਜਗਤਪੁਰ ਦੇ ਸਰਵਪੱਖੀ ਵਿਕਾਸ ਅਤੇ ਖਿਡਾਰੀਆਂ ਦੀਆਂ ਸਹੂਲਤਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਹ ਰਾਸੀ ਖੇਡ ਮੈਦਾਨ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਅਤੇ ਬਿਹਤਰ ਬੁਨਿਆਦੀ ਢਾਂਚਾ ਤਿਆਰ ਕਰਨ ਲਈ ਖਰਚ ਕੀਤੀ ਜਾਵੇਗੀ।ਚੇਅਰਮੈਨ ਜਲਾਲਪੁਰ ਦੇ ਇਸ ਉਪਰਾਲੇ ਲਈ ਪਿੰਡ ਦੀ ਪੰਚਾਇਤ ਅਤੇ ਖੇਡ ਕਲੱਬ ਦੇ ਮੈਂਬਰਾਂ ਨੇ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਮਦਦ ਨਾਲ ਖਿਡਾਰੀਆਂ ਵਿੱਚ ਭਾਰੀ ਉਤਸਾਹ ਹੈ ਅਤੇ ਹੁਣ ਉਹ ਵਧੀਆ ਮਾਹੌਲ ਵਿੱਚ ਅਭਿਆਸ ਕਰ ਸਕਣਗੇ ਮੌਕੇ ਤੇ ਬਲਾਕ ਪ੍ਰਧਾਨ ਪਰਮਜੀਤ ਸਿੰਘ, ਦਵਿੰਦਰ ਸਿੰਘ,ਡਾਕਟਰ ਜਸਵੀਰ ਸਿੰਘ ਸਰਪੰਚ, ਜੋਗਾ ਸਿੰਘ ਪੰਚ, ਲੈਬਰ ਸਿੰਘ ਪੰਚ, ਕੁਲਵਿੰਦਰ ਸਿੰਘ ਪੰਚ, ਬਲਜਿੰਦਰ ਸਿੰਘ, ਰਵੀ ਕੁਮਾਰ, ਬਖਸ ੀ ਸ ਸਿੰਘ, ਸੰਦੀਪ ਸਿੰਘ ਸੋਨੂ, ਬਲਵੰਤ ਸਿੰਘ, ਗੁਰਮੀਤ ਸਿੰਘ, ਪਰਵਿੰਦਰ ਸਿੰਘ, ਪ੍ਰੀਤ ਅਤੇ ਖੇਡ ਕਲੱਬ ਦੇ ਹੋਰ ਮੈਂਬਰ ਵਿਸੇਸ ਤੌਰ ‘ਤੇ ਮੌਜੂਦ ਸਨ।



# ਫੈਕਟਰੀਆਂ ਦਾ ਪ੍ਰਦੂਸਣ ਬਣ ਰਿਹਾ ਜਾਨ ਲੇਵਾ, ਸਾਂਝਾ ਕਿਸਾਨ ਮਜਦੂਰ ਮੋਰਚਾ

**ਨਵਾਂਸ਼ਹਿਰ /ਕਾਠਗੜ੍ਹ 19 ਮਾਰਚ( ਜਤਿੰਦਰ ਪਾਲ ਸਿੰਘ ਕਲੇਰ )** ਸਨ ਅਤੀ ਪ੍ਰਦੂਸਣ, ਸਮੁੱਚੇ ਪੰਜਾਬ ਵਿੱਚ ਇੱਕ ਵੱਡੀ ਲੋਕ ਸਮੱਸਿਆ ਬਣ ਗਿਆ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕੀਤਾ।

ਉਹਨਾਂ ਦੱਸਿਆ ਕਿ ਪੰਜਾਬ ਅੰਦਰ ਅੱਧੀ ਦਰਜਨ ਤੋਂ ਵੱਧ ਵੱਖ ਵੱਖ ਥਾਵਾਂ ਤੇ ਲੋਕਾਂ ਵੱਲੋਂ ਫੈਕਟਰੀਆਂ ਵੱਲੋਂ ਪੈਦਾ ਕੀਤੇ ਹਵਾ ਪਾਣੀ ਦੇ ਪ੍ਰਦੂਸਣ ਵਿਰੁੱਧ ਰੋਸ ਚੱਲ ਰਹੇ ਹਨ। ਇਹ ਪ੍ਰਦੂਸਣ ਪੰਜਾਬ ਦੇ ਲੋਕਾਂ ਲਈ ਜਾਨ ਲੇਵਾ ਸਾਬਤ ਹੋ ਰਿਹਾ ਹੈ ਪਰ, ਸਰਕਾਰਾਂ ਇਸ ਵੱਲ ਸਹੀ ਧਿਆਨ ਨਹੀਂ ਦੇ ਰਹੀਆਂ, ਪ੍ਰਸਾਸਨ ਅਤੇ ਸਬੰਧਤ ਵਿਭਾਗ ਫੈਕਟਰੀ ਮਾਲਕਾਂ ਨਾਲ ਰਲ ਚੁੱਕੇ ਹਨ ਅਤੇ ਕਾਨੂੰਨ ਅਤੇ ਨਿਯਮਾਂ ਦੀ ਪਾਲਣਾ ਨਹੀਂ ਹੋ ਰਹੀ। ਸਨਤੀ ਖੇਤਰ ਟੌਂਸਾ ਦਾ ਜ਼ਿਕਰ ਕਰਦੇ ਹੋਏ ਸਾਥੀ ਰਾਣਾ ਨੇ ਦੱਸਿਆ ਕਿ ਇਸ ਖੇਤਰ ਵਿੱਚ ਫੈਕਟਰੀਆਂ ਵੱਲੋਂ ਪੈਦਾ ਕੀਤੇ ਹਵਾ ਪਾਣੀ ਦੇ ਪ੍ਰਦੂਸਣ ਕਾਰਨ ਦਰਜਨ ਤੋਂ ਵੱਧ ਪਿੰਡ ਮਾਰੂ ਬਿਮਾਰੀਆਂ ਦੀ ਚਪੇਟ ਵਿੱਚ ਆ ਚੁੱਕੇ ਹਨ। ਪਰ ਦੂਸਣ ਕਾਰਨ ਕੈਂਸਰ, ਦਮਾ, ਕਾਲਾ ਪੀਲੀਆ ਚਮੜੀ ਦੇ ਰੋਗ ਅਤੇ ਅੱਖਾਂ ਦੀਆਂ ਬਿਮਾਰੀਆਂ ਭਿਆਨਕ ਰੂਪ ਧਾਰ ਕਰ ਰਹੀਆਂ ਹਨ। ਉਨਾਂ ਚਿੰਤਾ ਪ੍ਰਗਟ ਕੀਤੀ ਕਿ ਸਰਕਾਰ ਅਤੇ ਪ੍ਰਸਾਸਨ ਲੋਕਾਂ ਦੇ ਇਸ ਗੰਭੀਰ ਮੁੱਦੇ ਵੱਲ ਧਿਆਨ ਨਹੀਂ ਦੇ ਰਹੇ। ਸਿੱਟੇ ਵਜੋਂ ਲੋਕਾਂ ਵਿੱਚ ਭਾਰੀ ਬੇਚੈਨੀ ਹੈ। ਇਲਾਕੇ ਦੇ ਲੋਕ ਪਿਛਲੇ 30 ਸਾਲਾਂ ਤੋਂ ਇਸ ਗੰਭੀਰ ਸਮੱਸਿਆ ਵਿਰੁੱਧ ਸੰਘਰਸ ਕਰ ਰਹੇ ਹਨ ਪਰ ਬੜਾ ਚੌਰ ਹਲਕੇ ਦੀਆਂ ਸਿਆਸੀ ਧਿਰਾਂ ਨੇ ਕਦੇ ਵੀ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਇੱਥੇ ਅਕਾਲੀ ਬੀਜੇਪੀ, ਕਾਂਗਰਸ ਅਤੇ ਆਮ ਪਾਰਟੀ ਦੇ ਵਿਧਾਇਕ ਰਹੇ ਹਨ ਜਿਨਾਂ ਨੇ ਕਦੇ ਵੀ ਵਿਧਾਨ ਸਭਾ ਅੰਦਰ ਇਸ ਗੰਭੀਰ ਮਸਲੇ ਤੇ ਗੱਲ ਨਹੀਂ ਕੀਤੀ।

ਸਾਥੀ ਰਾਣਾ ਨੇ ਚਿੰਤਾ ਪ੍ਰਗਟ ਕੀਤੀ ਕਿ ਭਾਵੇਂ ਪ੍ਰਦੂਸਣ ਲੋਕਾਂ ਲਈ ਗੰਭੀਰ ਮੁੱਦਾ ਹੈ ਪਰ ਰਾਜਨੀਤਕ ਪਾਰਟੀਆਂ ਇਸ ਨੂੰ ਮੁੱਦਾ ਹੀ ਨਹੀਂ ਮੰਨਦੀਆਂ। ਉਹਨਾਂ ਮੰਗ ਕੀਤੀ ਕਿ ਸਰਕਾਰ ਅਤੇ ਪ੍ਰਸਾਸਨ ਇਸ ਖਿੱਤੇ ਵਿੱਚ ਹਵਾ ਪਾਣੀ ਦੇ ਪ੍ਰਦੂਸਣ ਨੂੰ ਰੋਕਣ ਲਈ ਠੋਸ ਉਪਰਾਲੇ ਕਰੇ ਅਤੇ ਨਿਯਮਾਂ ਅਤੇ ਕਾਨੂੰਨ ਨੂੰ ਲਾਗੂ ਕਰੇ ਤਾਂ ਕਿ ਇਸ ਖਿੱਤੇ ਦੇ ਲੋਕ ਭਿਆਨਕ ਬਿਮਾਰੀਆਂ ਤੋਂ ਬਚ ਸਕਣ। ਇਸ ਮੌਕੇ ਮਨਰੇਗਾ ਅਧਿਕਾਰ ਅੰਦੋਲਨ ਦੇ ਆਗੂ ਮਨੋਹਰ ਲਾਲ, ਕਿਸਾਨ ਆਗੂ ਕਰਨੈਲ ਸਿੰਘ ਭੱਲਾ, ਸੱਤਪਾਲ ਸਾਰੋਵਾਲ, ਪ੍ਰਤਾਪ ਸਿੰਘ, ਰਾਮ ਕਿਸਨ ਅਤੇ ਬੀਬੀ ਸਸੀ ਰਾਣਾ ਨੇ ਵੀ ਆਪਣੇ ਵਿਚਾਰ ਪੇਸ ਕੀਤੇ।



## ਪੱਤਰਕਾਰ ਵਿਵੇਕ ਬਖਸੀ ਹਿਊਮਨ ਰਾਇਟ ਕੌਂਸਲ ਲੁਧਿਆਣਾ ਦੇ ਪ੍ਰਧਾਨ ਨਿਯੁਕਤ

**ਲੁਧਿਆਣਾ 19 ਮਾਰਚ (ਕਰਨੈਲ ਸਿੰਘ ਐੱਮ.ਏ.)**



ਹਿਊਮਨ ਰਾਇਟ ਕੌਂਸਲ ਭਾਰਤ ਦੇ ਪ੍ਰਧਾਨ ਸ੍ਰੀ ਆਰਤੀ ਰਾਜਪੂਤ ਅਤੇ ਪੰਜਾਬ ਪ੍ਰਧਾਨ ਸਤਵਿੰਦਰ ਸਿੰਘ ਮਠਾੜੂ ਕੌਂਸਲ ਵਿੱਚ ਨਵੀਂ ਨਿਯੁਕਤੀਆਂ ਕਰਦਿਆਂ ਅੱਜ ਪੱਤਰਕਾਰ ਵਿਵੇਕ ਬਖਸ਼ੀ ਨੂੰ ਲੁਧਿਆਣਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ । ਇਸ ਮੌਕੇ ਸ: ਮਠਾੜੂ ਨੇ ਦੱਸਿਆ ਕਿ ਵਿਵੇਕ ਬਖਸ਼ੀ ਦੀਆਂ ਸਮਾਜ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਉਹਨਾਂ ਨੂੰ ਇਹ ਜਿੰਮੇਵਾਰੀ ਦਿੱਤੀ ਗਈ ਹੈ ।

ਉਹਨਾਂ ਕਿਹਾ ਕਿ ਵਿਵੇਕ ਬਖਸ਼ੀ ਜੋ ਕਿ ਥੋੜ੍ਹੀ ਉਮਰ ਵਿੱਚ ਉਸ ਨੇ ਸਮਾਜ ਸੇਵਾ ਜਿਵੇਂ ਕਿ ਉਸਨੇ ਬਹੁਤ ਪਹਿਲਾਂ ਹੀ ਅੱਖਾਂ ਦਾਨ ਦੇ ਫਾਰਮ ਭਰ ਕੇ ਸਾਬਤ ਕੀਤਾ ਹੈ, ਅਤੇ ਖੂਨ ਦਾਨ, ਅਤੇ ਬੱਚਿਆਂ ਲਈ ਬੱਚਿਆਂ ਦੀ ਪੜ੍ਹਾਈ ਲਈ ਤੇ ਹੋਰ ਗਤੀਵਿਧੀਆਂ ਵਿੱਚ ਹਿੱਸਾ ਲੈ ਕੇ ਸਮਾਜ ਸੇਵਾ ਕਰਦੇ ਰਹਿੰਦੇ ਹਨ। ਸ: ਸਤਵਿੰਦਰ ਸਿੰਘ ਮਠਾੜੂ ਨੇ ਕਿਹਾ ਕਿ ਉਹਨਾਂ ਦੀ ਸਮਾਜ ਸੇਵਾ ਦੀ ਰੁਚੀ ਨੂੰ ਦੇਖਦਿਆਂ ਹੋਇਆਂ ਉਹਨਾਂ ਨੂੰ ਹਿਊਮਨ ਰਾਇਟ ਕੌਂਸਲ ਲੁਧਿਆਣਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।

# ਚੰਡੀਗੜ੍ਹ ਦੇ ਪੱਤਰਕਾਰਾਂ ਨੂੰ ਵੀ 10 ਲੱਖ ਬੀਮਾਂ ਸਕੀਮ ਦਾ ਲਾਭ ਲੈਣ ਲਈ ਪ੍ਰੈਸ ਕਲੱਬ ਆਫ ਪੰਜਾਬ ਦਾ ਵਫਦ ਸਿਹਤ ਮੰਤਰੀ ਨੂੰ ਮਿਲਿਆ

**ਚੰਡੀਗੜ੍ਹ, 19 ਮਾਰਚ (ਗੁਰਬਿੰਦਰ ਗੁਰੀ)** - ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ 10 ਲੱਖ ਸਿਹਤ ਬੀਮਾ ਯੋਜਨਾ ਵਿੱਚ ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ ਸ਼ਾਮਲ ਕਰ ਲਿਆ ਗਿਆ ਹੈ ਪਰ ਚੰਡੀਗੜ੍ਹ ਵਿਖੇ ਰਹਿ ਕੇ ਪੰਜਾਬਯ ਸਰਕਾਰ ਨੂੰ ਕਵਰ ਕਰਨ ਵਾਲੇ ਪੱਤਰਕਾਰਾਂ ਨੂੰ ਇਸ ਸਕੀਮ ਵਿੱਚੋਂ ਬਾਹਰ ਰੱਖਿਆ ਗਿਆ ਹੈ। ਚੰਡੀਗੜ੍ਹ ਵਿਖੇ ਪੰਜਾਬ ਬਿਊਰੋ ਦੇ ਪੱਤਰਕਾਰਾਂ ਕੋਲ ਚੰਡੀਗੜ੍ਹ ਦਾ ਆਧਾਰ ਕਾਰਡ ਅਤੇ ਵੋਟਰ ਕਾਰਡ ਹੈ, ਜਦੋਂ ਕਿ ਪੰਜਾਬ ਸਰਕਾਰ ਦੀ ਇਸ ਸਕੀਮ ਵਿੱਚ ਲਾਭ ਲੈਣ ਲਈ ਪੰਜਾਬ ਦਾ ਹੀ ਵੋਟਰ ਕਾਰਡ ਅਤੇ ਆਧਾਰ ਕਾਰਡ ਹੋਣਾ ਚਾਹੀਦਾ ਹੈ।

ਪੱਤਰਕਾਰਾਂ ਦੀ ਇਸੇ ਅਹਿਮ ਮੰਗ ਨੂੰ ਲੈ ਕੇ ਵੀਰਵਾਰ ਪ੍ਰੈਸ ਕਲੱਬ ਆਫ਼ ਪੰਜਾਬ ਦੇ ਅਹੁਦੇਦਾਰਾਂ ਵਲੋਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਪ੍ਰਿੰਸੀਪਲ ਸਕੱਤਰ ਸਿਹਤ ਕੁਮਾਰ ਰਾਹੁਲ ਨਾਲ ਮੁਲਾਕਾਤ ਕਰਦੇ ਹੋਏ ਮੰਗ ਪੱਤਰ ਸੌਂਪਿਆ ਗਿਆ ਹੈ। ਪ੍ਰੈਸ ਕਲੱਬ ਆਫ਼ ਪੰਜਾਬ ਦੇ ਪ੍ਰਧਾਨ ਅਸ਼ਵਨੀ ਚਾਵਲਾ, ਜਰਨਲ ਸਕੱਤਰ ਅਮਿਤ ਪਾਂਡੇ ਅਤੇ ਖ਼ਜ਼ਾਨਚੀ ਪਰਮਿੰਦਰ ਸਿੰਘ ਜੱਟਪੁਰੀ ਵਲੋਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨਾਲ ਮੁਲਾਕਾਤ ਕਰਦੇ ਹੋਏ ਦੱਸਿਆ ਗਿਆ ਕਿ ਪਹਿਲਾਂ ਆਯੁਸ਼ਮਾਨ ਭਾਰਤ ਵਿੱਚ ਪੰਜਾਬ ਅਤੇ ਚੰਡੀਗੜ੍ਹ ਦੇ ਪੱਤਰਕਾਰਾਂ ਨੂੰ 5 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਮਿਲਦਾ ਰਿਹਾ ਹੈ ਪਰ ਹੁਣ ਨਵੀਂ 10 ਲੱਖ ਰੁਪਏ ਸਿਹਤ ਬੀਮਾ ਸਕੀਮ ਵਿੱਚ ਸਿਰਫ਼ ਉਹ ਹੀ ਸ਼ਾਮਲ ਹਨ, ਜਿਨ੍ਹਾਂ ਕੋਲ ਪੰਜਾਬ ਦਾ ਆਧਾਰ ਜਾਂ ਫਿਰ ਵੋਟਰ ਕਾਰਡ ਹੈ। ਜਿਸ ਕਾਰਨ ਚੰਡੀਗੜ੍ਹ ਸਥਿਤ ਪੰਜਾਬ ਬਿਊਰੋ ਦੇ ਪੱਤਰਕਾਰ ਇਸ ਸਕੀਮ ਦੇ ਲਾਭ ਤੋਂ ਬਾਹਰ ਹੋ ਰਹੇ ਹਨ, ਕਿਉਂਕਿ ਉਨ੍ਹਾਂ ਕੋਲ ਚੰਡੀਗੜ੍ਹ ਦਾ ਹੀ ਵੋਟਰ ਅਤੇ ਆਧਾਰ ਕਾਰਡ ਹੈ।



ਪ੍ਰੈਸ ਕਲੱਬ ਆਫ਼ ਪੰਜਾਬ ਵਲੋਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੂੰ ਮੰਗ ਕੀਤੀ ਗਈ ਹੈ ਕਿ ਇਸ ਮਾਮਲੇ ਵਿੱਚ ਜਰੂਰੀ ਨੋਟੀਫਿਕੇਸ਼ਨ ਕਰਦੇ ਹੋਏ ਪੰਜਾਬ ਨੂੰ ਕਵਰ ਕਰਨ ਵਾਲੇ ਚੰਡੀਗੜ੍ਹ ਦੇ ਪੱਤਰਕਾਰਾਂ ਨੂੰ ਤੁਰੰਤ ਸ਼ਾਮਲ ਕੀਤਾ ਜਾਵੇ।

**ਰਾਜਧਾਨੀ ਦੇ ਪੱਤਰਕਾਰਾਂ ਲਈ ਜਾਰੀ ਕਰਾਂਗੇ ਨੋਟੀਫਿਕੇਸ਼ਨ : ਡਾ. ਬਲਬੀਰ ਸਿੰਘ**

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਭਰੋਸਾ ਦਿੰਦੇ ਹੋਏ ਕਿਹਾ ਕਿ ਰਾਜਧਾਨੀ ਚੰਡੀਗੜ੍ਹ ਵਿੱਚ ਪੰਜਾਬ ਸਰਕਾਰ ਨੂੰ ਕਵਰ ਕਰਨ ਵਾਲੇ ਪੱਤਰਕਾਰਾਂ ਨੂੰ 10 ਲੱਖ ਸਿਹਤ ਬੀਮਾ ਸਕੀਮ ਵਿੱਚ ਸ਼ਾਮਲ ਕਰਨ ਲਈ ਜਲਦ ਹੀ ਨੋਟੀਫਿਕੇਸ਼ਨ ਕਰ ਦਿੱਤਾ ਜਾਏਗਾ। ਉਨ੍ਹਾਂ ਕਿਹਾ ਕਿ ਨਿਯਮਾਂ ਤਹਿਤ ਸਿਰਫ਼ ਪੰਜਾਬ ਦੇ ਵਸਨੀਕ ਹੀ ਇਸ ਸਿਹਤ ਬੀਮਾ ਸਕੀਮ ਵਿੱਚ ਭਾਗ ਲੈ ਸਕਦੇ ਹਨ ਪਰ ਪੱਤਰਕਾਰਾਂ ਲਈ ਉਹ ਆਪਣੇ ਨਿਯਮਾਂ ਵਿੱਚ ਸੋਧ ਲਿਆਉਣ ਲਈ ਵੀ ਤਿਆਰ ਹਨ ਅਤੇ ਜਲਦ ਹੀ ਇੱਕ ਨੋਟੀਫਿਕੇਸ਼ਨ ਰਾਹੀਂ ਇਹ ਸੋਧ ਕਰਵਾ ਦਿੱਤੀ ਜਾਏਗੀ ਕਿ ਚੰਡੀਗੜ੍ਹ ਸਥਿਤ ਪੱਤਰਕਾਰਾਂ ਕੋਲ ਭਾਵੇਂ ਪੰਜਾਬ ਦਾ ਆਧਾਰ ਜਾਂ ਵੋਟਰ ਕਾਰਡ ਨਾ ਹੋਵੇ ਪਰ ਉਨ੍ਹਾਂ ਨੂੰ ਇਹ ਸਿਹਤ ਬੀਮਾ ਸਕੀਮ ਦਾ ਲਾਭ ਮਿਲੇਗਾ।

## ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਐਸਟ੍ਰੋਲੋਜਰ ਪ੍ਰੀਤ ਅਰੋੜਾ ਨੂੰ ਕੀਤਾ ਸਨਮਾਨਿਤ

**ਲੁਧਿਆਣਾ 19 ਮਾਰਚ (ਕਰਨੈਲ ਸਿੰਘ ਐੱਮ.ਏ.)** ਪਿਛਲੇ ਦਿਨੀ ਚੰਡੀਗੜ੍ਹ ਵਿਖੇ ਹੋਏ ਜੋਤਿਸ ਪ੍ਰਾਗਨ ਵੱਲੋਂ ਕਰਵਾਏ ਗਏ ਊਰਜਾ ਜੋਤਿਸ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਅਵਸਰ ਤੇ ਇਸ ਸੰਸਥਾ ਦੇ ਪ੍ਰਧਾਨ ਮੈਡਮ ਪੂਨਮ ਸਰਮਾ ਦੇ ਸੱਦੇ ਤੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆਂ ਪਹੁੰਚੇ ਜਿਨ੍ਹਾਂ ਨੇ ਆਈਆਂ ਸਖਸੀਅਤਾਂ ਨੂੰ ਸਨਮਾਨਿਤ ਕੀਤਾ। ਲੁਧਿਆਣਾ ਤੋਂ ਪਹੁੰਚੇ ਐਸਟ੍ਰੋਲੋਜਰ ਮੈਡਮ ਪਰਮੀਤ ਕੌਰ (ਪ੍ਰੀਤ ਅਰੋੜਾ) ਨੂੰ ਉਚੇਚੇ ਤੌਰ ਤੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਸਨਮਾਨ ਮਿਲਣ ਉਪਰੰਤ ਉਹਨਾਂ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਦਾ ਧੰਨਵਾਦ ਕੀਤਾ ਉੱਥੇ ਉਹਨਾਂ ਮੁੱਖ ਪ੍ਰਬੰਧਕ ਮੈਡਮ ਪੂਨਮ ਅਰੋੜਾ ਦਾ ਵੀ ਧੰਨਵਾਦ ਕਿ ਜਿਨ੍ਹਾਂ ਨੇ ਉਹਨਾਂ ਨੂੰ ਇੱਥੇ ਬੁਲਾ ਕੇ ਸਨਮਾਨ ਦਿੱਤਾ । ਉਹਨਾਂ ਨੇ ਕਿਹਾ ਕਿ ਮੈਂ ਉਹਨਾਂ ਦਾ ਦਿਲੋਂ ਧੰਨਵਾਦ ਕਰਦੀ ਹਾਂ। ਇਸ ਮੌਕੇ ਕੈਪਟਨ ਲੇਖਰਾਜ, ਪੂਨਮ ਸਰਮਾ ਤੇ ਹੋਰ ਪਤਵੰਤੇ ਹਾਜਰ ਸਨ।



## ਹਲਕਾ ਕੇਂਦਰੀ ਵਿੱਚ ਵਿਧਾਇਕ ਦੀ ਸਹਿ ਤੇ ਹੋ ਰਿਹਾ ਦੜਾ ਸੱਟਾ - ਗੁਰਦੇਵ ਸਰਮਾ ਦੇਬੀ

**ਲੁਧਿਆਣਾ 19 ਮਾਰਚ (ਕਰਨੈਲ ਸਿੰਘ ਐੱਮ.ਏ.)** ਅੱਜ ਹਲਕਾ ਕੇਂਦਰੀ ਦੇ ਇੰਚਾਰਜ ਅਤੇ ਭਾਜਪਾ ਦੇ ਖਜਾਨਚੀ ਨੇ ਆਪਣੇ ਦਫਤਰ ਵਿਖੇ ਰੱਖੀ ਪ੍ਰੈਸ ਮਿਲਣੀ ਦੌਰਾਨ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸਰ ਪੱਪੀ ਤੇ ਰੱਜ ਕੇ ਭੜਾਸ ਕੱਢੀ। ਉਹਨਾਂ ਆਖਿਆ ਕਿ ਛੋਟੀ ਜਿਹੀ ਲਾਟਰੀ ਦੀ ਦੁਕਾਨ ਤੇ ਮਿਥ ਕੇ ਡਰਾਮਾ ਰਚ ਕੇ ਰੇਡ ਮਾਰਨੀ ਅਤੇ ਭਾਜਪਾ ਨੂੰ ਬਦਨਾਮ ਕਰਨਾ ਦੀ ਸਾਜਿਸ ਜਨਤਾ ਇਹ ਸਭ ਜਾਣਦੀ ਹੈ। ਦੇਬੀ ਨੇ ਆਖਿਆ ਕਿ ਵੱਡੇ ਦੜੇ ਸੱਟੇ ਦੀਆਂ ਦੁਕਾਨਾਂ ਉੱਪਰ ਰੇਡ ਨਹੀਂ ਹੁੰਦੀ ਕਿਉਂਕਿ ਵਿਧਾਇਕ ਸਾਹਿਬ ਦਾ ਉਹਨਾਂ ਨਾਲ ਹਿੱਸਾ ਹੈ। ਅੱਗੇ ਦੇਬੀ ਨੇ ਆਖਿਆ ਕਿ ਜੇਕਰ ਕੋਈ ਭਾਜਪਾ ਵਰਕਰ ਦੜੇ ਸੱਟੇ ਦੀ ਦੁਕਾਨ ਚਲਾਉਂਦਾ ਹੈ ਤਾਂ ਉਸ ਉੱਪਰ ਪਰਚਾ ਕੀਤਾ ਜਾਵੇ, ਖਾਲੀ ਫੋਕੀ ਵਾਹ ਵਾਹ ਨਾ ਕਰਵਾਈ ਜਾਵੇ। ਦੇਬੀ ਨੇ ਆਖਿਆ ਕਿ ਹਲਕਾ ਕੇਂਦਰੀ ਵਿੱਚ ਹੋ ਰਹੀਆਂ ਸਭ ਉਸਾਰੀਆਂ ਵਿੱਚੋਂ ਮੋਟਾ ਪੈਸਾ ਲਿਆ ਜਾ ਰਿਹਾ ਹੈ ਅਤੇ ਉਹ ਜਲਦੀ ਹੀ ਇਸ ਬਾਰੇ ਵੀ ਸਬੂਤਾਂ ਸਮੇਤ ਖੁਲਾਸਾ ਕਰਨਗੇ। ਦੇਬੀ ਨੇ ਆਖਿਆ ਕਿ ਪੱਪੀ ਨੂੰ ਭਾਜਪਾ ਦਾ ਡਰ ਸਤਾ ਰਿਹਾ ਹੈ ਤਾਂ ਹੀ ਗੱਪਾਂ ਦੀ ਰਾਜਨੀਤੀ ਕਰ ਰਹੇ ਹਨ ।

# ਵਾਹਨਾਂ ਤੇ ਲੱਗੀਆਂ ਨੰਬਰ ਪਲੇਟਾਂ ਦੀ ਹੋ ਰਹੀ ਦੁਰਵਰਤੋਂ



ਸੰਜੀਵ ਸਿੰਘ ਸੈਣੀ
ਮੋਹਾਲੀ
7888966168

ਅੱਜ ਵਿਗਿਆਨ ਤੇ ਟੈਕਨਾਲੋਜੀ ਨੇ ਬਹੁਤ ਤਰੱਕੀ ਕਰ ਲਈ ਹੈ। ਜਿਸ ਕਰਕੇ ਇਨਸਾਨ ਦੀ ਸੁੱਖ ਸੁਵਿਧਾ ਵਿੱਚ ਢੇਰ ਵਾਧਾ ਹੋ ਗਿਆ ਹੈ। ਪੁਰਾਣੇ ਵੇਲਿਆਂ ਦੀ ਤੇ ਅੱਜ ਦੀ ਜਿੰਦਗੀ ਵਿੱਚ ਜਮੀਨ ਅਸਮਾਨ ਦਾ ਫਰਕ ਹੋ ਚੁੱਕਿਆ ਹੈ। ਅੱਜ ਦੀ ਜਿੰਦਗੀ ਬਹੁਤ ਸੁਖਾਲੀ ਜਿਹੀ ਹੋ ਗਈ ਹੈ। ਮਹੀਨਿਆਂ ਦਾ ਸਫਰ ਦਿਨਾਂ ਵਿੱਚ ਤੇ ਦਿਨਾਂ ਦਾ ਸਫਰ ਕੁੱਝ ਘੰਟਿਆਂ ਵਿੱਚ ਤੇ ਕੁਝ ਘੰਟਿਆਂ ਦਾ ਸਫਰ ਸਕਿਟਾਂ ਵਿੱਚ ਤਬਦੀਲ ਹੋ ਚੁੱਕਿਆ ਹੈ। 400 ਕਿਲੋਮੀਟਰ ਤੱਕ ਦਾ ਸਫਰ ਢਾਈ ਤੋਂ ਤਿੰਨ ਘੰਟਿਆਂ ਵਿੱਚ ਆਰਾਮ ਨਾਲ ਹੋ ਰਿਹਾ ਹੈ।ਬਦਲਾਅ ਕੁਦਰਤ ਦਾ ਨਿਯਮ ਹੈ। ਅੱਜ ਆਵਾਜਾਈ ਦੇ ਸਾਧਨਾਂ ਵਿੱਚ ਬਹੁਤ ਵਾਧਾ ਹੋ ਚੁੱਕਿਆ ਹੈ। ਕਰੋੜਾਂ ਰੁਪਏ ਦੀਆਂ ਗੱਡੀਆਂ ਮਾਰਕੀਟ ਵਿੱਚ ਆ ਚੁੱਕੀਆਂ ਹਨ। ਨਵੀਂ ਨਵੀਂ ਗੱਡੀਆਂ ਲਾਂਚ ਹੋ ਰਹੀਆਂ ਹਨ। ਜਿੰਨਾ ਦੀ ਗਤੀ ਸਪੀਡ ਬਹੁਤ ਜਿਆਦਾ ਹੈ।

ਅੱਜ ਦੇ ਸਮੇਂ ਵਿੱਚ ਲਗਭਗ ਹਰ ਘਰਾਂ ਵਿੱਚ ਆਵਾਜਾਈ ਦੇ ਦੋ ਪਹੀਆ, ਚਾਰ ਪਹੀਆ ਵਾਹਨ ਮੌਜੂਦ ਹਨ। ਹਾਲਾਤ ਇਹੋ ਜਿਹੇ ਹਨ ਕਿ ਜਿੰਨੇ ਮੈਂਬਰ ਉਨੇ ਹੀ ਘਰਾਂ ਵਿੱਚ ਆਵਾਜਾਈ ਦੇ ਸਾਧਨ। ਹੋਰ ਤਾਂ ਹੋਰ ਜਿਹੜੇ ਬੱਚੇ ਹਜੇ 18 ਸਾਲ ਤੱਕ ਉਮਰ ਦੇ ਨਹੀਂ ਹੋਏ ਉਹਨਾਂ ਨੂੰ ਵੀ ਪਰਿਵਾਰਿਕ ਮੈਂਬਰਾਂ ਨੇ ਦੋ ਪਹੀਆ ਵਹੀਕਲ ਦਿੱਤੇ ਹੋਏ ਹਨ। ਪਿੱਛੇ ਜਿਹੇ ਹੀ ਮੌਜੂਦਾ ਪੰਜਾਬ ਸਰਕਾਰ ਨੇ 18 ਸਾਲ ਤੋਂ ਘੱਟ ਜੋ ਬੱਚਾ ਵਹੀਕਲ ਚਲਾਉਂਦਾ ਫੜਿਆ ਗਿਆ ,ਕਾਨੂੰਨ ਬਣਾਇਆ ਹੈ ਕਿ ਮਾਂ ਬਾਪ ਵਿਰੁੱਧ ਵੀ ਸਖਤ ਕਾਰਵਾਈ ਹੋਵੇਗੀ। ਟਰੈਫਿਕ ਪ੍ਰਸਾਸਨ ਹਰਕਤ ਵਿੱਚ ਆਇਆ ।ਚੰਗਾ ਕਾਨੂੰਨ ਹੈ। ਵਿਗਿਆਨ ਨੇ ਤਾਂ ਬਹੁਤ ਤਰੱਕੀ ਕਰ ਲਈ ਹੈ ਪਰ ਹਜੇ ਵੀ ਸੜਕਾਂ ਦਾ ਸੁਧਾਰ ਨਹੀਂ ਹੋਇਆ ਹੈ। ਪਿੰਡਾਂ ਦੀਆਂ ਸੜਕਾਂ ਦਾ ਬਹੁਤ ਬੁਰਾ ਹਾਲ ਹੈ ।ਸਹਿਰੀ ਖੇਤਰ ਵਿੱਚ ਜਾਮ ਦੀ ਸਥਿਤੀ ਬਰਕਰਾਰ ਰਹਿੰਦੀ ਹੈ। ਟਰੈਫਿਕ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ, ਜਿਸ ਕਾਰਨ ਲਗਾਤਾਰ ਸੜਕ ਹਾਦਸਿਆਂ ਵਿੱਚ ਵਾਧਾ ਹੁੰਦਾ ਹੈ। ਹਰ ਰੋਜ ਅਖਬਾਰ ਵਿੱਚ ਦੋ ਚਾਰ ਮੌਤਾਂ ਸੜਕ ਹਾਦਸਿਆਂ ਕਾਰਨ ਖਬਰਾਂ ਪੜਨ ਨੂੰ ਮਿਲਦੀਆਂ ਹਨ। ਪਿੱਛੇ ਜਿਹੇ ਸਮਾਣਾ ਵਿਖੇ ਸਕੂਲ ਬੱਸ ਦਾ ਟਿੱਪਰ ਨਾਲ ਐਕਸੀਡੈਂਟ ਹੋਇਆ। ਪੰਜ ਤੋਂ ਵੱਧ ਬੱਚਿਆਂ ਦੀ ਮੌਤ ਹੋ ਗਈ। ਕਈ ਪਰਿਵਾਰਾਂ ਦੇ ਤਾਂ ਦੋਨੋਂ ਬੱਚੇ ਹੀ ਖਤਮ ਹੋ ਗਏ। ਟਿੱਪਰਾਂ ਨਾਲ ਜਿਆਦਾ ਐਕਸੀਡੈਂਟ ਦੋ ਪਹੀਆਂ ਸਾਧਨਾਂ ਦੇ ਆਮ ਸੁਣਣ ਨੂੰ ਮਿਲਦੇ ਹਨ। ਦੇਖੋ ਕਿੰਨੀ ਮਾੜੀ ਗੱਲ ਹੈ। ਵੱਡੇ ਹਾਦਸੇ ਵਾਪਰਨ ਕਾਰਨ ਲੋਕਾਂ ਦੀਆਂ ਜਾਨਾਂ ਚਲੀ ਜਾਂਦੀਆਂ ਹਨ।

ਬਿਨਾਂ ਡਰਾਈਵਿੰਗ ਲਾਇਸੈਂਸ ਤੋਂ ਬੱਚੇ ਵਹੀਕਲ ਚਲਾਉਂਦੇ ਆਮ ਫੜੇ ਜਾਂਦੇ ਹਨ ਜੋ ਕਿ ਬਹੁਤ ਜਿਆਦਾ ਗਲਤ ਹੈ। ਮੋਬਾਇਲ ਸੁਣਦੇ ਸੁਣਦੇ ਸਾਧਨ ਚਲਾ ਰਹੇ ਹਨ, ਜਿਨ੍ਹਾਂ ਬੱਚਿਆਂ ਨੂੰ ਹਜੇ ਤੱਕ ਟ੍ਰੈਫਿਕ ਦੇ ਨਿਯਮ ਹੀ ਨਹੀਂ ਪਤਾ ਮਾਂ ਬਾਪ ਅਜਿਹੀ ਗਲਤੀ ਕਿਉਂ ਕਰਦੇ ਹਨ। ਅਕਸਰ ਅਸੀਂ ਦੇਖਦੇ ਹਨ ਕਿ ਬੱਚਿਆਂ ਨੇ ਨੰਬਰ ਪਲੇਟਾਂ ਤੇ ਬੇਤੁਕੀਆਂ ਤੁੱਕਾਂ ਲਿਖਵਾਈਆਂ ਹੁੰਦੀਆਂ ਹਨ ,ਜੋ ਕਿ ਅੱਜ ਕੱਲ ਇਹ ਰੁਝਾਨ ਲਗਾਤਾਰ ਵੱਧ ਰਿਹਾ ਹੈ। ਗੱਡੀਆਂ ਦੇ ਪਿਛਲੇ ਪਾਸੇ ਕੋਈ ਸਰਪੰਚ, ਕੋਈ ਜਾਤ ਜਾਂ ਕੁਝ ਹੋਰ ਲਿਖਵਾ ਰਿਹਾ ਹੈ। ਇਹ ਸਹੀ ਨਹੀਂ ਹੈ। ਅਜਿਹੀ ਗੱਡੀਆਂ ਜਿਨ੍ਹਾਂ ਦੀ ਸਪੀਡ ਗਤੀ ਬਹੁਤ ਜਿਆਦਾ ਹੈ, ਪਰ ਸੜਕਾਂ ਦਾ ਜਾਲ ਤਾਂ ਚਾਹੇ ਵਿਛ ਚੁੱਕਿਆ ਹੈ ਪਰ ਚੰਗੀ ਤਰ੍ਹਾਂ ਉਹਨਾਂ ਵਿੱਚ ਸੁਧਾਰ ਨਹੀਂ ਹੋਇਆ ਹੈ। ਜਿਸ ਚੀਜ ਦੇ ਫਾਇਦੇ ਹਨ ਉਹਨਾਂ ਦੇ ਨੁਕਸਾਨ ਵੀ ਹੁੰਦੇ ਹਨ। ਸੜਕ ਦੁਰਘਟਨਾਵਾਂ ਵਿੱਚ ਵਾਹਨ ਵੀ ਨੁਕਸਾਨੇ ਜਾਂਦੇ ਹਨ ਤੇ ਸਰੀਰ ਵੀ। ਅਕਸਰ ਦੇਖਿਆ ਜਾਂਦਾ ਹੈ ਕਿ ਲੋਕ ਵਾਹਨਾਂ ਦੀ ਵਰਤੋਂ ਘੱਟ ਤੇ ਦੁਰਵਰਤੋਂ ਜਿਆਦਾ ਕਰਦੇ ਹਨ। ਮਾਰਕੀਟ ਵਿੱਚੋਂ ਸਮਾਨ ਲੈ ਕੇ ਆਉਣਾ ਹੋਵੇ ਮਾਂ ਬਾਪ ਕਹਿ ਦਿੰਦੇ ਹਨ ਕਿ ਬੇਟਾ ਚਾਬੀ ਲੈ ਜਾਂ ਐਕਟੀਵਾ ਜਾਂ ਮੋਟਰਸਾਈਕਲ ਤੇ ਜਾ ਕੇ ਸਮਾਨ ਲੈ ਆਵੀਂ । ਦੋ ਕਦਮ ਤੁਰਨਾ ਹੀ ਨਹੀਂ ਚਾਹੁੰਦੇ ਹਨ । ਸਵੇਰੇ ਜਿੰਮ ਵਿੱਚ ਜਾ ਕੇ ਵਰਜਿਸ ਕਰਦੇ ਹਨ, ਉੱਥੇ ਵੀ ਦੋ ਪਈਆ ਜਾਂ ਚਾਰ ਪਈਆ ਵਾਹਨ ਲੈ ਕੇ ਜਾਂਦੇ ਹਨ। ਪੈਦਲ ਚੱਲਣਾ ਤਾਂ ਬਿਲਕੁਲ ਵੀ ਨਹੀਂ ਚਾਹੁੰਦੇ ਹਨ ਤਾਂ ਹੀ ਅੱਜ ਕੱਲ ਸਰੀਰ ਜਿਆਦਾ ਸੋਹਲ ਹੋ ਚੁੱਕੇ ਹਨ। ਛੋਟੀ ਛੋਟੀ ਉਮਰ ਦੇ ਬੱਚਿਆਂ ਨੂੰ ਬਿਮਾਰੀਆਂ ਨੇ ਘੇਰ ਰੱਖਿਆ। ਮੋਟਾਪੇ ਦਾ ਬਹੁਤ ਸਿਕਾਰ ਹੋ ਚੁੱਕੇ ਹਨ। ਦਿਲ ਦੀ ਬਿਮਾਰੀਆਂ, ਹੋਰ ਪਤਾ ਨਹੀਂ ਕਿੰਨੀ ਬਿਮਾਰੀਆਂ ਦੇ ਅੱਜ ਦੇ ਨੌਜਵਾਨ ਸਿਕਾਰ ਹੋ ਰਹੇ ਹਨ।

ਮਾਂ ਬਾਪ ਨੇ ਆਪਣੇ ਬੱਚੇ ਸਿਰ ਚੜਾ ਲਏ ਹਨ ,ਜਿਸ ਤਰ੍ਹਾਂ ਅੱਜ ਕੱਲ ਥਾਰ ਗੱਡੀ ਦਾ ਬਹੁਤ ਜਿਆਦਾ ਕਰੇਜ ਹੈ। ਮਾਂ ਬਾਪ ਵੀ ਅੱਜ ਕੱਲ ਬੱਚਿਆਂ ਤੋਂ ਡਰਦੇ ਹਨ ,ਉਹਨਾਂ ਨੂੰ ਕੁਝ ਕਹਿੰਦੇ ਵੀ ਨਹੀਂ ਹਨ। ਨੌਜਵਾਨ ਥਾਰ ਖਰੀਦ ਰਹੇ ਹਨ। ਠੀਕ ਹੈ ਤੁਹਾਡੇ ਕੋਲ ਪੈਸਾ ਹੈ ਤੁਸੀਂ ਉਸਦੀ ਦੁਰਵਰਤੋਂ ਨਾ ਕਰੋ। ਸੜਕਾਂ ਤੇ ਇੰਨੀ ਸਪੀਡ ਨਾਲ ਗੱਡੀ ਚਲਾਉਂਦੇ ਹਨ ਕਿ ਉਹ ਹਾਦਸੇ ਦਾ ਸ਼ਿਕਾਰ ਹੋ ਜਾਂਦੀ ਹੈ। ਨਬਾਲਿਗ ਨੂੰ ਤਾਂ ਬਿਲਕੁਲ ਵੀ ਗੱਡੀ ਚਲਾਉਣੀ ਨਹੀਂ ਚਾਹੀਦੀ ਹੈ। ਟਰੈਫਿਕ ਨਿਯਮ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਜੇ ਗੱਲ ਕਰੀਏ ਬੁਲੇਟ ਮੋਟਰਸਾਈਕਲਾਂ ਦੀ ਖੁੱਲੇ ਸਾਇਲੈਂਸਰ ਕਰਕੇ ਪਟਾਕੇ ਮਾਰਦੇ ਕਾਲਜ, ਸਕੂਲ ਦੇ ਨੇੜੇ ਜਦੋਂ ਛੁੱਟੀ ਹੁੰਦੀ ਹੈ ਆਮ ਸਰਾਰਤੀ ਮੁੰਡੇ ਦੇਖੇ ਜਾ ਸਕਦੇ ਹਨ। ਜਦੋਂ ਬੁਲੇਟ ਦੇ ਪਟਾਕੇ ਮਾਰਦੇ ਹਨ ਤਾਂ ਰਾਹ ਜਾਂਦੇ ਕਈ ਵਾਰ ਲੋਕ ਘਬਰਾ ਜਾਂਦੇ ਹਨ ਤੇ ਡਰਦੇ ਮਾਰੇ ਉਹ ਬੇਹੋਸ ਵੀ ਹੋ ਜਾਂਦੇ ਹਨ।

ਹਾਲਾਂਕਿ ਟਰੈਫਿਕ ਮੁਲਾਜਮ ਅਜਿਹੇ ਸਰਾਰਤੀ ਬੰਦਿਆਂ ਦੇ ਚਲਾਨ ਵੀ ਕੱਟਦੇ ਹਨ ਪਰ ਫਿਰ ਵੀ ਇਹ ਰੁਝਾਨ ਘੱਟ ਨਹੀਂ ਰਿਹਾ ਹੈ। ਹੈਲਮਟ ਦੀ ਵਰਤੋਂ ਨੌਜਵਾਨੀ ਬਿਲਕੁਲ ਵੀ ਨਹੀਂ ਕਰਦੀ ਹੈ। ਹੈਲਮਟ ਬਾਂਹ ਵਿੱਚ ਪਾ ਕੇ ਬੁਲਟ ਤਾਂ ਚਲਾ ਲੈਂਦੇ ਹਨ ਪਰ ਸਿਰ ਤੇ ਨਹੀਂ ਪਾਉਂਦੇ ਹਨ। ਜੇ ਗੱਲ ਕਰੀਏ ਨੰਬਰ ਪਲੇਟਾਂ ਦੀ ਨੰਬਰ ਪਲੇਟ ਵਾਹਨ ਦੇ ਉੱਪਰ ਲੱਗੀ ਹੁੰਦੀ ਹੈ ਜਿਸ ਵਿੱਚ ਵਾਹਨ ਦਾ ਨੰਬਰ ਹੁੰਦਾ ਹੈ ।ਜੇ ਚੋਰੀ ਹੋ ਜਾਵੇ ਤਾਂ ਅਸੀਂ ਆਪਣਾ ਵਹੀਕਲ ਨੰਬਰ ਦੱਸ ਕੇ ਸਿਕਾਇਤ ਕਰਦੇ ਹਨ ਕਿ ਸਾਡਾ ਵਾਹਨ ਚੋਰੀ ਹੋ ਚੁੱਕਿਆ ਹੈ ,ਪਰ ਅੱਜ ਦੀ ਨੌਜਵਾਨੀ ਨੇ ਵਾਹਨਾਂ ਦੀ ਨੰਬਰ ਪਲੇਟਾਂ ਤੇ ਬੇਤੁਕੀਆਂ ਲਾਈਨਾਂ ਲਿਖਵਾ ਰੱਖੀਆਂ ਹਨ ਜਿਵੇਂ ਸਰਪੰਚ, ਲੰਬੜਦਾਰ, ਜੱਟ ਮਹਿਕਮਾ, ਪਟਵਾਰੀ , ਸੜ ਨਾ ਰੀਸ ਕਰ, ਹੀਰ ਰਾਂਝਾ,ਹੋਰ ਪਤਾ ਨਹੀਂ ਕੀ ਕੁੱਝ, ਰੱਬ ਰਾਖਾ ,ਚੇਅਰਮੈਨ, ਜਿਲ੍ਹਾ ਪਰਿਸਦ, ਦੇਖੀ ਜਾ ਪਰ ਛੇੜੀ ਨਾ ,ਪਤਾ ਨਹੀਂ ਕੀ ਕੀ ਲਿਖਵਾ ਰੱਖਿਆ ਹੈ ।ਜੋ ਕਿ ਸਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

ਪ੍ਰਸਾਸਨ ਨੂੰ ਖਾਸ ਕਰਕੇ ਅਜਿਹੇ ਸਰਾਰਤੀ ਨੌਜਵਾਨਾਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਜਿਹੜੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਦੇ ਹਨ ਨੰਬਰ ਪਲੇਟਾਂ ਦੀ ਥਾਂ ਤੇ ਅਜਿਹੇ ਸਬਦਾਂ ਦੀ ਵਰਤੋਂ ਕਰਦੇ ਹਨ ਉਹਨਾਂ ਨੂੰ ਸਮਝਾਉਣਾ ਵੀ ਚਾਹੀਦਾ ਕਿ ਇਹ ਨੰਬਰ ਪਲੇਟ ਸਿਰਫ ਨੰਬਰ ਲਿਖਣ ਵਾਸਤੇ ਹੈ ਨਾ ਕਿ ਇਥੇ ਕੋਈ ਅਜਿਹੀ ਤੁੱਕ ਜਾਂ ਹੋਰ ਕੁਝ ਲਿਖਿਆ ਜਾ ਸਕੇ। ਸਕੂਲ, ਕਾਲਜਾਂ ਵਿੱਚ ਟ੍ਰੈਫਿਕ ਪ੍ਰਸਾਸਨ ਵੱਲੋਂ ਸੈਮੀਨਾਰ ਕਰਵਾਉਣੇ ਚਾਹੀਦੇ ਹਨ ਤਾਂ ਜੋ ਬੱਚਿਆਂ ਨੂੰ ਟਰੈਫਿਕ ਨਿਯਮਾਂ ਬਾਰੇ ਪਤਾ ਚੱਲ ਸਕੇ। ਟ੍ਰੈਫਿਕ ਨਿਯਮਾਂ ਦੀ ਬਿਲਕੁਲ ਵੀ ਉਲੰਘਣਾ ਨਾ ਕਰੋ, ਚਾਹੇ ਤੁਸੀਂ ਕਿਸੇ ਵੀਆਈਪੀ ਦੇ ਰਿਸਤੇਦਾਰ ਜਾਂ ਮੰਤਰੀ ਵਿਧਾਇਕ ਦੇ ਕਰੀਬੀ ਹੀ ਕਿਉਂ ਨਾ ਹੋਵੋ ਪ੍ਰਸਾਸਨ ਨੂੰ ਅਜਿਹੇ ਬੰਦਿਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਇਸੇ ਵਿੱਚ ਹੀ ਸਾਡੀ ਭਲਾਈ ਹੈ।

## ਬੇ-ਵਫਾ?

ਕਿੰਝ ਬੇ-ਵਫਾ? ਤੈਨੂੰ ਆਖ ਦੀਆਂ,
ਮੇਰੀ ਰੂਹ ਤੇਰੇ ਵਿੱਚ ਰਹਿੰਦੀ ਏ,
ਸੱਧਰਾਂ ਦੇ ਫੁੱਲ ਤੂੰ ਸਾਰੇ ਤੋੜ ਚੱਲੀ,
ਇੱਕ ਆਸ ਮੇਰੀ ਤੇਰੇ ਤੇ ਰਹਿੰਦੀ ਏ,
ਕਿੰਝ ਬੇ-ਵਫ਼ਾ ਤੈਨੂੰ ਆਖ ਦਿਆਂ,

ਤੂੰ ਪੈ ਗਈ ਵੱਸ ਬੇਗਾਨੇ ਨੀ,
ਨਾਂ ਦੋਸ਼ ਦੇਈ ਤੂੰ ਤਕਦੀਰਾਂ ਨੂੰ,
ਮੱਥੇ ਲਿਖਿਆਂ ਮਿੱਟ ਦੀਆਂ ਨਹੀਂ,
ਨਾਂ ਦੇਖੀਂ ਪਰਖ ਤੂੰ ਲਕੀਰਾਂ ਨੂੰ,
ਕੀ ਦੋਸ਼ ਦੇਣਾ ਉਸ ਰੱਬ ਤਾਈਂ,
ਤੂੰ ਜਿਸ ਦੀ ਰਜ਼ਾ ਵਿੱਚ ਰਹਿੰਦੀ ਏ,
ਕਿੰਝ ਬੇ-ਵਫ਼ਾ ਤੈਨੂੰ ਆਖ ਦਿਆਂ,

ਨਾਲ ਡਾਲਰਾਂ ਤੋਲੇ ਪਿਆਰ ਮੇਰਾ,
ਇਹ ਵਿਕਦਾ ਨਹੀਂ ਇਸ ਭਾਅ ਚੰਨੀਏ,
ਕਰੇ ਗੱਲ ਜ਼ਮਾਨਾ ਲੱਖ ਸਾਡੀ ਪਰ,
ਅਸੀਂ ਗੱਲ ਦਿਲ ਆਪਣੇ ਦੀ ਮੰਨੀਏ,
ਕਰ ਮੈਨੂੰ ਤੂੰ ਬੇਆਬਾਦ ਗਈ,
ਹੱਸ ਹੱਸ ਤੂੰ ਗੈਰਾ ਸੰਗ ਬੈਹਿਣੀ ਏ,
ਕਿੰਝ ਬੇ-ਵਫ਼ਾ ਤੈਨੂੰ ਆਖ ਦਿਆਂ,
ਅੱਜ ਮੈਂ ਤੜਫਾਂ ਆਉਣੀ ਵਾਰੀ ਕੱਲ ਤੇਰੀ,
ਫਿਰ ਤੂੰ ਬੈਠ ਕੱਲੀ ਨੇ ਪਛਤਾਉਣਾ ਏ,
ਕਦੇ ਤੀਰ ਕਮਾਨੋਂ,ਗੱਲ ਮੂੰਹੋਂ ਨਿੱਕਲੇ ਵਾਪਸ ਨਹੀਂ ਆਉਂਦੀ ਏ,
ਨਾਂ ਨਾਪ ਤੂੰ ਦਿਲ ਮੇਰੇ ਦੀਆਂ ਗਹਿਰਾਈਆਂ ਨੂੰ,
ਕਿਉਂ ਵਿੱਚ ਦਰਦ ਸਮੁੰਦਰ ਦੇ ਤੂੰ ਬੈਹਿਣੀ ਏ,
ਕਿੰਝ ਬੇ-ਵਫ਼ਾ ਤੈਨੂੰ ਆਖ ਦਿਆਂ,

ਪਿੰਦੂ ਦਾ ਦਿਲ ਤੂੰ ਤੋੜ ਚੱਲੀ,
ਇੱਕ ਮੌਤ ਤੇਰੇ ਹੱਥੋਂ ਰਹਿੰਦੀ ਏ,
ਇੱਕ ਆਸ ਤੇਰੇ ਤੋਂ ਸੁਣ ਰਾਹੋਂ ਵਾਲਿਆਂ,
ਮਰਿਆ ਦਾ ਮੁੱਖ ਤੂੰ ਦੇਖ ਲਈਂ,
ਜਦੋਂ ਅੱਗ ਲੱਗੂ ਸਿਵੇ ਮੇਰੇ ਨੀ,
ਹੱਥ ਮਹਿੰਦੀ ਵਾਲੇ ਸੇਕ ਲਈ,
ਅੱਜ ਪਿੰਦੂ ਨਿਮਾਣਾ ਆਖਦਾ ਏ,
ਤੂੰ ਦਿਲ ਮੇਰੇ ਵਿੱਚ ਰਹਿੰਦੀ ਏ,
ਕਿੰਝ ਬੇ-ਵਫ਼ਾ ਤੈਨੂੰ ਆਖ ਦਿਆਂ,
ਮੇਰੀ ਰੂਹ ਤੇਰੇ ਵਿੱਚ ਰਹਿੰਦੀ ਏ,

ਪਿੰਦੂ ਰਾਹੋਂ
(ਨਵਾਂ ਸ਼ਹਿਰ)
+917710556211



## .ਗ਼ਜ਼ਲ

ਜਦ ਵਿਦਿਆ ਹੈ ਤੇਰੇ ਕੋਲ ਜਵਾਨਾ,
ਫਿਰ ਕਿਉਂ ਬੋਲੇਂ ਕੌੜੇ ਬੋਲ ਜਵਾਨਾ?
ਜੇ ਕੁਝ ਪਾਉਣਾ ਚਾਹੇਂ ਜੀਵਨ ਦੇ ਵਿੱਚ,
ਤੈਨੂੰ ਕਰਨਾ ਪੈਣਾ ਘੋਲ ਜਵਾਨਾ।

ਜਿਹੜੀ ਗੱਲ ਕਰਨੀ ਏਂ, ਬਹਿ ਕੇ ਕਰ ਤੂੰ,
ਚਾਰੇ ਪਾਸੇ ਵਜਾ ਨਾ ਢੋਲ ਜਵਾਨਾ।

ਜਦ ਮਾਂ -ਪਿਓ, ਭੈਣ -ਭਰਾ ਕੋਲ ਨੇ ਤੇਰੇ,
ਫਿਰ ਕੱਲਾ ਸਮਝ ਕੇ ਨਾ ਡੋਲ ਜਵਾਨਾ।

ਹਾਕਮ ਮਿੱਤਰ ਹੈ ਲੋਟੂ ਢਾਣੀ ਦਾ,
ਉਸ ਦੀ ਖੁੱਲ੍ਹ ਚੱਲੀ ਹੈ ਪੋਲ ਜਵਾਨਾ।
ਇਹ ਜੀਵਨ ਮੁੜ ਫਿਰ ਨ੍ਹੀ ਮਿਲਣਾ ਤੈਨੂੰ,
ਇਸ ਨੂੰ ਨਸ਼ਿਆਂ ਵਿੱਚ ਨਾ ਰੋਲ ਜਵਾਨਾ।

ਹਰ ਕੋਈ ਆਪਣਾ ਨ੍ਹੀ ਇਸ ਦੁਨੀਆਂ ਵਿੱਚ,
ਹਰ ਇਕ ਨਾ' ਦੁੱਖ ਨਾ ਫੋਲ ਜਵਾਨਾ।

ਮਹਿੰਦਰ ਸਿੰਘ ਮਾਨ
ਪਿੰਡ ਤੇ ਡਾਕ ਰੱਕੜਾਂ ਢਾਹਾ-
144526
ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਫੋਨ -9915803554



# ਦਿਲ ਦੀਆਂ ਨਾੜੀਆਂ ਵਿੱਚ ਬਲਾਕੇਜ



ਅਜੋਕੇ ਦੌਰ ਵਿੱਚ ਦਿਲ ਦੀ ਬਿਮਾਰੀ ਦੁਨੀਆ ਭਰ ਵਿੱਚ ਮੌਤ ਦੇ ਸਭ ਤੋਂ ਵੱਡੇ ਕਾਰਨਾਂ ਵਿੱਚੋਂ ਇੱਕ ਹੈ। ਦਿਲ ਨਾਲ ਸੰਬੰਧਿਤ ਇੱਕ ਮਹੱਤਵਪੂਰਨ ਸਮੱਸਿਆ ਦਿਲ ਦੀਆਂ ਨਾੜੀਆਂ ਵਿੱਚ ਬਲਾਕੇਜ ਹੈ, ਜਿਸ ਨੂੰ ਮੈਡੀਕਲ ਭਾਸ਼ਾ ਵਿੱਚ ਕੋਰੋਨਰੀ ਆਰਟਰੀ ਡਿਜੀਜ ਕਿਹਾ ਜਾਂਦਾ ਹੈ। ਇਹ ਉਸ ਵੇਲੇ ਹੁੰਦੀ ਹੈ ਜਦੋਂ ਦਿਲ ਦੀ ਮਾਸਪੇਸ਼ੀ ਨੂੰ ਖੂਨ ਪਹੁੰਚਾਉਣ ਵਾਲੀਆਂ ਧਮਨੀਆਂ (ਆਰਟਰੀਆਂ) ਤੰਗ ਜਾਂ ਬੰਦ ਹੋਣ ਲੱਗ ਪੈਂਦੀਆਂ ਹਨ। ਇਸ ਦੇ ਕਾਰਨ, ਲੱਛਣ, ਰੋਕਥਾਮ ਅਤੇ ਇਲਾਜ ਬਾਰੇ ਜਾਣਕਾਰੀ ਦਿਲ ਦੀ ਸਿਹਤ ਲਈ ਬਹੁਤ ਜਰੂਰੀ ਹੈ।

**ਦਿਲ ਦੀ ਬਲਾਕੇਜ ਦੀ ਪਰਿਭਾਸ਼ਾ**

ਦਿਲ ਦੀ ਬਲਾਕੇਜ ਦਾ ਅਰਥ ਹੈ ਉਹ ਹਾਲਤ ਜਿਸ ਵਿੱਚ ਦਿਲ ਦੀਆਂ ਕੋਰੋਨਰੀ ਧਮਨੀਆਂ ਵਿੱਚ ਅੰਸ਼?ਕ ਜਾਂ ਪੂਰੀ ਰੁਕਾਵਟ ਪੈ ਜਾਂਦੀ ਹੈ। ਇਹ ਧਮਨੀਆਂ ਦਿਲ ਦੀ ਮਾਂਸਪੇਸ਼ੀਆਂ ਨੂੰ ਆਕਸੀਜਨ ਨਾਲ ਭਰਪੂਰ ਖੂਨ ਪਹੁੰਚਾਉਂਦੀਆਂ ਹਨ।

ਆਮ ਤੌਰ 'ਤੇ ਇਹ ਰੁਕਾਵਟ ਐਥਰੋਸਕਲੇਰੋਸਿਸ ਨਾਮਕ ਪ੍ਰਕਿਰਿਆ ਕਾਰਨ ਹੁੰਦੀ ਹੈ। ਇਸ ਦੌਰਾਨ ਚਰਬੀ, ਕੋਲੇਸਟਰੋਲ ਅਤੇ ਹੋਰ ਪਦਾਰਥਾਂ ਦੇ ਜਮਾਵੜੇ ਨਾਲ ਧਮਨੀਆਂ ਦੀ ਅੰਦਰਲੀ ਕੰਧ 'ਤੇ ਪਲੇਕ ਬਣ ਜਾਂਦੀ ਹੈ। ਸਮੇਂ ਦੇ ਨਾਲ ਇਹ ਪਲੇਕ ਧਮਨੀਆਂ ਨੂੰ ਤੰਗ ਕਰ ਦਿੰਦੀ ਹੈ ਅਤੇ ਖੂਨ ਦੇ ਪ੍ਰਵਾਹ ਨੂੰ ਘਟਾ ਦਿੰਦੀ ਹੈ।

ਜਦੋਂ ਦਿਲ ਤੱਕ ਖੂਨ ਦੀ ਸਪਲਾਈ ਬਹੁਤ ਘੱਟ ਹੋ ਜਾਂਦੀ ਹੈ ਤਾਂ ਛਾਤੀ ਵਿੱਚ ਦਰਦ (ਐਂਜਾਈਨਾ), ਸਾਹ ਫੁੱਲਣਾ, ਧੜਕਨ ਦਾ ਬੇਤਰਤੀਬ ਹੋਣਾ ਅਤੇ ਦਿਲ ਦਾ ਦੌਰਾ (ਹਾਰਟ ਅਟੈਕ) ਹੋ ਸਕਦਾ ਹੈ। ਜੇ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਦਿਲ ਨੂੰ ਸਥਾਈ ਨੁਕਸਾਨ ਪਹੁੰਚਾ ਸਕਦਾ ਹੈ।

**ਦਿਲ ਦੀ ਬਲਾਕੇਜ ਕਿਵੇਂ ਬਣਦੀ ਹੈ**

ਦਿਲ ਦੀਆਂ ਨਾੜੀਆਂ ਵਿੱਚ ਬਲਾਕੇਜ ਆਮ ਤੌਰ 'ਤੇ ਹੌਲੀ ਹੌਲੀ ਕਈ ਸਾਲਾਂ ਜਾਂ ਦਹਾਕਿਆਂ ਵਿੱਚ ਬਣਦੀ ਹੈ। ਇਸ ਦੀ ਪ੍ਰਕਿਰਿਆ ਆਮ ਤੌਰ 'ਤੇ ਹੇਠਾਂ ਦਿੱਤੇ ਪੜਾਅ ਵਿੱਚ ਹੁੰਦੀ ਹੈ:

- ਗਲਤ ਜੀਵਨ ਸ਼ੈਲੀ ਜਾਂ ਬਿਮਾਰੀਆਂ ਕਾਰਨ ਧਮਨੀਆਂ ਦੀਆਂ ਕੰਧਾਂ ਨੂੰ ਨੁਕਸਾਨ ਪਹੁੰਚਦਾ ਹੈ।
- ਕੋਲੇਸਟਰੋਲ, ਚਰਬੀ ਅਤੇ ਕੈਲਸੀਅਮ ਦੇ ਇਕੱਠ ਨਾਲ ਪਲੇਕ ਦਾ ਬਣਨਾ ਸ਼ੁਰੂ ਹੋ ਜਾਂਦਾ ਹੈ।
- ਧਮਨੀਆਂ ਦਾ ਤੰਗ ਹੋਣਾ ਅਤੇ ਖੂਨ ਦੇ ਪ੍ਰਵਾਹ ਵਿੱਚ ਘਟਾਓ।
- ਪਲੇਕ ਦਾ ਫਟਣਾ ਅਤੇ ਖੂਨ ਦਾ ਥੱਕਾ ਬਣਨਾ।
- ਪੂਰੀ ਰੁਕਾਵਟ ਜਿਸ ਨਾਲ ਦਿਲ ਦਾ ਦੌਰਾ ਪੈ ਸਕਦਾ ਹੈ

**ਦਿਲ ਦੀ ਬਲਾਕੇਜ ਦੇ ਮੁੱਖ ਕਾਰਨ**

ਕਈ ਜੈਵਿਕ ਅਤੇ ਜੀਵਨ ਸ਼ੈਲੀ ਨਾਲ ਸੰਬੰਧਿਤ ਕਾਰਕ ਇਸ ਸਮੱਸਿਆ ਨੂੰ ਵਧਾਉਂਦੇ ਹਨ।

**ਉੱਚ ਕੋਲੇਸਟਰੋਲ**

ਐਲ.ਡੀ.ਐਲ. (ਮੰਦਾ ਕੋਲੇਸਟਰੋਲ) ਧਮਨੀਆਂ ਵਿੱਚ ਜਮ ਕੇ ਪਲੇਕ ਬਣਾਉਂਦਾ ਹੈ।

**ਉੱਚ ਰਕਤਚਾਪ**

ਲੰਬੇ ਸਮੇਂ ਤੱਕ ਬਲੱਡ ਪ੍ਰੈਸਰ ਵੱਧ ਰਹਿਣ ਨਾਲ ਧਮਨੀਆਂ ਨੂੰ ਨੁਕਸਾਨ ਪੈਂਦਾ ਹੈ ਅਤੇ ਪਲੇਕ ਜਲਦੀ ਬਣਦੀ ਹੈ।

**ਸਿਗਰਟਨੋਸ਼ੀ**

ਸਿਗਰਟਨੋਸ਼ੀ ਨਾਲ ਆਕਸੀਜਨ ਦੀ ਸਪਲਾਈ ਘੱਟ ਹੁੰਦੀ ਹੈ ਅਤੇ ਖੂਨ ਦੀਆਂ ਨਸਾਂ ਨੂੰ ਨੁਕਸਾਨ ਹੁੰਦਾ ਹੈ।

**ਮਧੂਮੇਹ (ਡਾਇਬੀਟੀਜ)**

ਖੂਨ ਵਿੱਚ ਸ਼ੱਕਰ ਦੀ ਵਧੀ ਹੋਈ ਮਾਤਰਾ ਧਮਨੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ।

**ਮੋਟਾਪਾ**

ਵੱਧ ਵਜਨ ਨਾਲ ਕੋਲੇਸਟਰੋਲ ਅਤੇ ਬਲੱਡ ਪ੍ਰੈਸਰ ਵਧ ਜਾਂਦੇ ਹਨ।

**ਅਸਤੁੰਲਿਤ ਖੁਰਾਕ**

ਜਿਨ੍ਹਾਂ ਖਾਣਿਆਂ ਵਿੱਚ ਸੰਤ੍ਰਿਪਤ ਚਰਬੀ, ਟ੍ਰਾਂਸ ਫੈਟ, ਪ੍ਰੋਸੈਸਡ ਭੋਜਨ ਅਤੇ ਵੱਧ ਸ਼ੱਕਰ ਹੁੰਦੀ ਹੈ, ਉਹ ਦਿਲ ਦੀ ਬਲਾਕੇਜ ਦਾ ਖਤਰਾ ਵਧਾਉਂਦੇ ਹਨ।

**ਖਾਨਦਾਨੀ ਕਾਰਕ**

ਪਰਿਵਾਰ ਵਿੱਚ ਦਿਲ ਦੀ ਬਿਮਾਰੀ ਦਾ ਇਤਿਹਾਸ ਹੋਣ ਨਾਲ ਖਤਰਾ ਵੱਧ ਜਾਂਦਾ ਹੈ।

**ਉਹ ਕਾਰਕ ਜੋ ਦਿਲ ਦੀ ਬਲਾਕੇਜ ਨੂੰ ਤੇਜ ਕਰਦੇ ਹਨ**

ਕੁਝ ਆਦਤਾਂ ਅਤੇ ਹਾਲਤਾਂ ਇਸ ਸਮੱਸਿਆ ਦੇ ਵਿਕਾਸ ਨੂੰ ਤੇਜ ਕਰ ਦਿੰਦੀਆਂ ਹਨ।

**ਆਲਸੀ ਜੀਵਨ ਸ਼ੈਲੀ**

ਸਰੀਰਕ ਕਿਰਿਆਵਾਂ ਦੀ ਘਾਟ ਨਾਲ ਖੂਨ ਦਾ ਸੰਚਾਰ ਘਟਦਾ ਹੈ ਅਤੇ ਚਰਬੀ ਵੱਧਦੀ ਹੈ।

**ਲੰਬੇ ਸਮੇਂ ਦਾ ਤਣਾਅ**

ਤਣਾਅ ਨਾਲ ਕੋਰਟੀਸੋਲ ਅਤੇ ਐਡਰੇਨਾਲਿਨ ਹਾਰਮੋਨ ਵਧਦੇ ਹਨ ਜੋ ਬਲੱਡ ਪ੍ਰੈਸਰ ਵਧਾਉਂਦੇ ਹਨ।

**ਜਿਆਦਾ ਮਾਤਰਾ ਵਿੱਚ ਸ਼ਰਾਬ ਸੇਵਨ**

ਵੱਧ ਸ਼ਰਾਬ ਨਾਲ ਟ੍ਰਾਈਗਲੀਸਰਾਈਡ ਅਤੇ ਬਲੱਡ ਪ੍ਰੈਸਰ ਵਧ ਸਕਦੇ ਹਨ।

**ਨੀਂਦ ਦੀ ਕਮੀ**

ਨੀਂਦ ਨਾਲ ਜੁੜੀਆਂ ਸਮੱਸਿਆਵਾਂ ਦਿਲ ਦੀ ਬਿਮਾਰੀ ਦਾ ਖਤਰਾ ਵੱਧਾ ਸਕਦੀਆਂ ਹਨ।

**ਉਮਰ ਦਾ ਵਧਣਾ**

ਉਮਰ ਦੇ ਨਾਲ ਧਮਨੀਆਂ ਸਖਤ ਹੋਣ ਲੱਗਦੀਆਂ ਹਨ।

**ਦਿਲ ਦੀ ਬਲਾਕੇਜ ਦੇ ਲੱਛਣ**

ਅਕਸਰ ਇਹ ਸਮੱਸਿਆ ਬਿਨਾਂ ਕਿਸੇ ਲੱਛਣ ਦੇ ਲੰਬੇ ਸਮੇਂ ਤੱਕ ਰਹਿ ਸਕਦੀ ਹੈ। ਜਦੋਂ ਬਲਾਕੇਜ ਵੱਧ ਜਾਂਦੀ ਹੈ ਤਾਂ ਹੇਠ ਲਿਖੇ ਲੱਛਣ ਨਜਰ ਆ ਸਕਦੇ ਹਨ:

- ਛਾਤੀ ਵਿੱਚ ਦਰਦ ਜਾਂ ਦਬਾਅ (ਐਂਜਾਈਨਾ)



**ਡਾ. ਸੁਰਿੰਦਰਪਾਲ ਸਿੰਘ**
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

- ਬਾਂਹ, ਗਰਦਨ ਜਾਂ ਜਬੜੇ ਵਿੱਚ ਦਰਦ
- ਸਾਹ ਫੁੱਲਣਾ
- ਥਕਾਵਟ
- ਚੱਕਰ ਆਉਣਾ
- ਪਸੀਨਾ ਆਉਣਾ

ਕਈ ਵਾਰ ਲੋਕਾਂ ਨੂੰ ਕੋਈ ਲੱਛਣ ਨਹੀਂ ਹੁੰਦੇ ਅਤੇ ਸਿੱਧਾ ਦਿਲ ਦਾ ਦੌਰਾ ਪੈ ਸਕਦਾ ਹੈ।

**ਸਿਹਤਮੰਦ ਵਜਨ ਕਾਇਮ ਰੱਖੋ**

ਸਿਗਰਟਨੋਸ਼ੀ ਛੱਡੋ, ਬਲੱਡ ਪ੍ਰੈਸਰ ਅਤੇ ਡਾਇਬੀਟੀਜ ਨੂੰ ਕੰਟਰੋਲ ਵਿੱਚ ਰੱਖੋ ਅਤੇ ਨਿਯਮਿਤ ਸਿਹਤ ਜਾਂਚ ਕਰਵਾਓ।

**ਕੀ ਕਸਰਤ ਦਿਲ ਦੀ ਬਲਾਕੇਜ ਵਧਾ ਸਕਦੀ ਹੈ?**

ਆਮ ਤੌਰ 'ਤੇ ਕਸਰਤ ਦਿਲ ਦੀ ਬਲਾਕੇਜ ਨਹੀਂ ਵਧਾਉਂਦੀ। ਦਰਅਸਲ ਇਹ ਇਸ ਤੋਂ ਬਚਾਅ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ।

**ਨਿਯਮਿਤ ਕਸਰਤ ਨਾਲ:**

- ਕੋਲੇਸਟਰੋਲ ਘਟਦਾ ਹੈ
- ਖੂਨ ਦਾ ਸੰਚਾਰ ਸੁਧਰਦਾ ਹੈ
- ਬਲੱਡ ਪ੍ਰੈਸਰ ਘਟਦਾ ਹੈ
- ਦਿਲ ਦੀ ਮਾਸਪੇਸ਼ੀ ਮਜਬੂਤ ਹੁੰਦੀ ਹੈ

ਹਾਲਾਂਕਿ ਜਿਨ੍ਹਾਂ ਲੋਕਾਂ ਨੂੰ ਪਹਿਲਾਂ ਹੀ ਗੰਭੀਰ ਬਲਾਕੇਜ ਹੈ ਅਤੇ ਉਹਨਾਂ ਨੂੰ ਇਸ ਬਾਰੇ ਪਤਾ ਨਹੀਂ, ਉਨ੍ਹਾਂ ਲਈ ਅਚਾਨਕ ਭਾਰੀ ਕਸਰਤ ਖਤਰਾ ਪੈਦਾ ਕਰ ਸਕਦੀ ਹੈ। ਇਸ ਲਈ ਭਾਰੀ ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰੀ ਜਾਂਚ ਕਰਵਾਉਣੀ ਚਾਹੀਦੀ ਹੈ।

ਚੱਲਣਾ, ਸਾਈਕਲ ਚਲਾਉਣਾ, ਤੈਰਨਾ ਅਤੇ ਯੋਗਾ ਵਰਗੀਆਂ ਕਸਰਤਾਂ ਜ?ਆਦਾਤਰ ਲੋਕਾਂ ਲਈ ਸੁਰੱਖਿਅਤ ਅਤੇ ਲਾਭਦਾਇਕ ਹਨ।

**ਭਵਿੱਖ ਦੀ ਖੋਜ ਅਤੇ ਨਵੀਆਂ ਤਕਨੀਕਾਂ**

***ਆਧੁਨਿਕ ਕਾਰਡੀਓਲੋਜੀ ਵਿੱਚ ਕਈ ਨਵੀਆਂ ਤਕਨੀਕਾਂ 'ਤੇ ਕੰਮ ਹੋ ਰਿਹਾ ਹੈ, ਜਿਵੇਂ:***

- ਦਿਲ ਦੀ ਇਮੇਜਿੰਗ ਵਿੱਚ ਕ੍ਰਿਤ੍ਰਿਮ ਬੁੱਧੀ ( )
- ਕੋਲੇਸਟਰੋਲ ਕੰਟਰੋਲ ਲਈ ਜੀਨ ਥੈਰੇਪੀ
- ਅਡਵਾਂਸ ਬਾਇਓਡੀਗ੍ਰੇਡੇਬਲ ਸਟੈਂਟ
- ਜੈਨੇਟਿਕ ਪ੍ਰੋਫਾਈਲ ਅਧਾਰਿਤ ਨਿੱਜੀ ਇਲਾਜ

ਇਹ ਤਕਨੀਕਾਂ ਭਵਿੱਖ ਵਿੱਚ ਦਿਲ ਦੀਆਂ ਬਿਮਾਰੀਆਂ ਦੀ ਜਲਦੀ ਪਛਾਣ ਅਤੇ ਸੁਚੱਜੇ ਇਲਾਜ ਵਿੱਚ ਮਦਦ ਕਰ ਸਕਦੀਆਂ ਹਨ। ਦਿਲ ਦੀ ਬਲਾਕੇਜ ਇੱਕ ਗੰਭੀਰ ਪਰ ਬਹੁਤ ਹੱਦ ਤੱਕ ਰੋਕੀ ਜਾ ਸਕਣ ਵਾਲੀ ਬਿਮਾਰੀ ਹੈ। ਇਹ ਆਮ ਤੌਰ 'ਤੇ ਗਲਤ ਜੀਵਨ ਸ਼ੈਲੀ, ਮੈਟਾਬੋਲਿਕ ਬਿਮਾਰੀਆਂ ਅਤੇ ਉਮਰ ਦੇ ਵੱਧਣ ਨਾਲ ਵਿਕਸਿਤ ਹੁੰਦੀ ਹੈ। ਸਮੇਂ ਸਿਰ ਜਾਂਚ, ਸਿਹਤਮੰਦ ਜੀਵਨ ਅਤੇ ਨਿਯਮਿਤ ਸਰੀਰਕ ਕਿਰਿਆ ਨਾਲ ਇਸ ਦੇ ਖਤਰੇ ਨੂੰ ਕਾਫੀ ਘਟਾਇਆ ਜਾ ਸਕਦਾ ਹੈ।

ਜਨਤਕ ਜਾਗਰੂਕਤਾ, ਰੋਕਥਾਮੀ ਸਿਹਤ ਸੇਵਾਵਾਂ ਅਤੇ ਨਿਯਮਿਤ ਮੈਡੀਕਲ ਜਾਂਚ ਦਿਲ ਦੀਆਂ ਬਿਮਾਰੀਆਂ ਦੇ ਵਧਦੇ ਬੋਝ ਨੂੰ ਘਟਾਉਣ ਲਈ ਬਹੁਤ ਮਹੱਤਵਪੂਰਨ ਹਨ।



## ਦਿਲ ਦੀ ਬਲਾਕੇਜ ਦਾ ਇਲਾਜ

ਆਧੁਨਿਕ ਇਲਾਜ ਪ੍ਰਣਾਲੀ ਦੇ ਵਿਗਿਆਨ ਵਿੱਚ ਇਸ ਦਾ ਇਲਾਜ ਇਸ ਦੀ ਗੰਭੀਰਤਾ ਦੇ ਅਧਾਰ 'ਤੇ ਕੀਤਾ ਜਾਂਦਾ ਹੈ।

### ਜੀਵਨ ਸ਼ੈਲੀ ਵਿੱਚ ਬਦਲਾਅ

ਡਾਕਟਰ ਆਮ ਤੌਰ 'ਤੇ ਸਿਹਤਮੰਦ ਖੁਰਾਕ, ਚੰਗੀ ਕਸਰਤ, ਵਜਨ ਕੰਟਰੋਲ ਅਤੇ ਤਣਾਅ ਪ੍ਰਬੰਧਨ ਦੀ ਸਲਾਹ ਦਿੰਦੇ ਹਨ।

### ਦਵਾਈਆਂ

- ਕੋਲੇਸਟਰੋਲ ਘਟਾਉਣ ਵਾਲੀਆਂ ਦਵਾਈਆਂ
- ਬਲੱਡ ਪ੍ਰੈਸਰ ਕੰਟਰੋਲ ਕਰਨ ਵਾਲੀਆਂ ਦਵਾਈਆਂ
- ਖੂਨ ਪਤਲਾ ਕਰਨ ਵਾਲੀਆਂ ਦਵਾਈਆਂ
- ਛਾਤੀ ਦੇ ਦਰਦ ਲਈ ਨਾਈਟ੍ਰੋਗਲੀਸਰਿਨ

ਐਂਜਿਓਪਲਾਸਟੀ

ਇਸ ਵਿੱਚ ਇੱਕ ਛੋਟਾ ਬੈਲੂਨ ਵਰਤ ਕੇ ਬੰਦ ਧਮਨੀ ਨੂੰ ਖੋਲ੍ਹਿਆ ਜਾਂਦਾ ਹੈ।

### ਸਟੈਂਟ ਲਗਾਉਣਾ

ਧਮਨੀ ਨੂੰ ਖੁੱਲ੍ਹਾ ਰੱਖਣ ਲਈ ਇੱਕ ਧਾਤੂ ਜਾਲੀਦਾਰ ਟਿਊਬ ਲਗਾਈ ਜਾਂਦੀ ਹੈ।

### ਕੋਰੋਨਰੀ ਆਰਟਰੀ ਬਾਈਪਾਸ ਸਰਜਰੀ

ਗੰਭੀਰ ਹਾਲਤ ਵਿੱਚ ਸਰਜਨ ਨਵਾਂ ਰਸਤਾ ਬਣਾਕੇ ਖੂਨ ਦੀ ਸਪਲਾਈ ਦਿਲ ਤੱਕ ਪਹੁੰਚਾਉਂਦੇ ਹਨ।

### ਸਿਹਤਮੰਦ ਖੁਰਾਕ

ਫਲ, ਸਬਜੀਆਂ, ਮੋਟੇ ਅਨਾਜ, ਸੁੱਕੇ ਮੇਵੇ ਅਤੇ ਬੀਜਾਂ ਦਾ ਸੇਵਨ ਕਰੋ। ਓਮੇਗਾ-3 ਫੈਟੀ ਐਸਿਡ ਵਾਲੀ ਮੱਛੀ ਲਾਭਦਾਇਕ ਹੈ। ਵੱਧ ਨਮਕ, ਤਲੀਆਂ ਚੀਜਾਂ, ਟ੍ਰਾਂਸ ਫੈਟ ਅਤੇ ਪ੍ਰੋਸੈਸਡ ਮੀਟ ਤੋਂ ਬਚੋ।

### ਨਿਯਮਿਤ ਸਰੀਰਕ ਕਿਰਿਆ

ਰੋਜਾਨਾ ਘੱਟੋ-ਘੱਟ 30 ਮਿੰਟ ਮੱਧਮ ਕਸਰਤ ਦਿਲ ਦੀ ਸਿਹਤ ਲਈ ਲਾਭਦਾਇਕ ਹੈ।

# ਮਾਂ ਵੰਡੀ ਗਈ

ਬਰਜਿੰਦਰ ਕੌਰ ਬਿਸਰਾਓ
9988901324

ਸੁਰਜਣ ਸਿੰਘ ਤੇ ਕਰਤਾਰ ਕੌਰ ਦੋਵੇਂ ਜੀਅ ਗੁਰੂ ਘਰ ਨਾਲ ਪ੍ਰੇਮ ਰੱਖਣ ਵਾਲੇ ਜੀਅ ਸਨ, ਸਵੇਰੇ ਸਾਮ ਗੁਰੂ ਘਰ ਮੱਥਾ ਟੇਕਣ ਜਾਂਦੇ ਸਨ। ਉਹਨਾਂ ਦਾ ਬਾਪੂ ਸੰਤਾ ਸਿੰਘ ਵੀ ਆਪਣੇ ਨਗਰ ਦੇ ਗੁਰਦੁਆਰੇ ਦੇ ਕੰਮਾਂ ਵਿੱਚ ਮੂਹਰੇ ਹੋ ਕੇ ਸੇਵਾ ਕਰਦਾ ਸੀ ਚਾਹੇ ਕੋਈ ਪੁਰਬ ਮਨਾਉਣਾ ਹੁੰਦਾ ਜਾਂ ਗੁਰਦੁਆਰੇ ਦੀ ਉਸਾਰੀ ਦਾ ਕੰਮ ਹੁੰਦਾ ਤਾਂ ਆਪਣੇ ਪਰਿਵਾਰ ਵੱਲੋਂ ਹਰ ਤਰ੍ਹਾਂ ਦੀ ਸੇਵਾ ਪਾਉਂਦਾ। ਉਹ ਆਪਣੇ ਨਾਲ ਆਪਣੇ ਨਿੱਕੇ ਨਿੱਕੇ ਪੋਤਿਆਂ ਸੀਤੇ ਤੇ ਜੀਤੇ ਨੂੰ ਵੀ ਉਂਗਲ ਫੜਕੇ ਲੈ ਜਾਂਦਾ ਸੀ। ਪਰ ਜਿਵੇਂ ਜਿਵੇਂ ਉਹ ਥੋੜ੍ਹੇ ਵੱਡੇ ਹੋ ਰਹੇ ਸਨ ਤਾਂ ਉਨ੍ਹਾਂ ਨੇ ਗੁਰਦੁਆਰੇ ਜਾਣ ਤੋਂ ਮਨ੍ਹਾ ਕਰ ਦੇਣਾ ਤੇ ਬਾਪੂ ਨੂੰ ਆਖ ਦੇਣਾ,"ਬਾਪੂ ਜੀ...ਸਾਡੇ ਲਈ ਭੋਗ ਲੈ ਆਇਓ...ਬੜਾ ਸਵਾਦ ਹੁੰਦਾ।" ਬਾਪੂ ਨੇ ਵੀ ਉਹਨਾਂ ਲਈ ਦੇਗ ਲੈ ਆਉਣੀ। ਪਰ ਦੋਵੇਂ ਜਵਾਕਾਂ ਦਾ ਗੁਰੂ ਘਰ ਪ੍ਰਤੀ ਮੋਹ ਘਟਦਾ ਦੇਖ ਕੇ ਵੱਡਿਆਂ ਦਾ ਮਨ ਦੁਖੀ ਹੋ ਜਾਂਦਾ। ਕਈ ਵਾਰ ਤਾਂ ਕਰਤਾਰੋ ਆਪਣੇ ਦੋਵੇਂ ਜਵਾਕਾਂ ਨੂੰ ਗੁਰਦੁਆਰੇ ਨਾ ਜਾਣ ਕਰਕੇ ਕੁੱਟ ਵੀ ਦਿੰਦੀ ਸੀ। ਬਹੁਤ ਸਮਝਾਉਣ ਤੇ ਵੀ ਉਹਨਾਂ ਤੇ ਕੋਈ ਫਰਕ ਨਾ ਪਿਆ। ਜਿਵੇਂ ਜਿਵੇਂ ਵੱਡੇ ਹੋ ਰਹੇ ਸਨ, ਬਿਲਕੁਲ ਨਾਸਤਿਕ ਬਣਦੇ ਜਾ ਰਹੇ ਸਨ।

ਸੀਤਾ ਅਤੇ ਜੀਤਾ ਹਜੇ ਅੱਠਵੀਂ ਤੇ ਦਸਵੀਂ ਵਿੱਚ ਹੀ ਪੜ੍ਹਦੇ ਸਨ ਕਿ ਉਨ੍ਹਾਂ ਦੇ ਸਿਰ ਤੋਂ ਪਿਓ ਦਾ ਸਾਇਆ ਉੱਠ ਗਿਆ ਸੀ। ਅਚਾਨਕ ਇੱਕ ਦਿਨ ਸਵੇਰੇ ਸਵੇਰੇ ਸੁਰਜਣ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਘਰ ਵਿੱਚ ਸੋਗ ਦੇ ਨਾਲ ਨਾਲ ਕਰਤਾਰ ਕੌਰ ਨੂੰ ਆਪਣੇ ਬੱਚਿਆਂ ਨੂੰ ਪਾਲਣ ਦੀ ਚਿੰਤਾ ਵੀ ਮਨ ਹੀ ਮਨ ਵਿੱਚ ਖਾਈ ਜਾ ਰਹੀ ਸੀ ਕਿਉਂਕਿ ਕਿ ਥੋੜ੍ਹੀ ਜਿਹੀ ਜਮੀਨ ਨੂੰ ਠੇਕੇ ਤੇ ਦੇ ਕੇ ਵੀ ਗੁਜਾਰਾ ਨਹੀਂ ਹੋਣਾ ਸੀ। ਉਹ ਸੋਚਦੀ ਚਾਹੇ ਬਾਪੂ ਤਕੜਾ ਪਿਆ ਸੀ ਪਰ ਉਹ ਇਕੱਲਾ ਖੇਤੀਬਾੜੀ ਦਾ ਕੰਮ ਕਿਵੇਂ ਸੰਭਾਲ ਸਕਦਾ ਸੀ ,ਆਖਰ ਨੂੰ ਉਮਰੋਂ ਤਾਂ ਉਹ ਬਜੁਰਗ ਹੀ ਸੀ ਭੋਗ ਪੈ ਗਿਆ ਤੇ ਸੁਰਜਣ ਸਿੰਘ ਦੀਆਂ ਸਾਰੀਆਂ ਅੰਤਮ ਰਸਮਾਂ ਪੂਰੀਆਂ ਹੋ ਚੁੱਕੀਆਂ ਸਨ। ਸਾਮ ਨੂੰ ਇੱਕ ਦੋ ਰਿਸਤੇਦਾਰ ਬੈਠੇ ਆਪੋ ਆਪਣੀਆਂ ਸਲਾਹਾਂ ਦੇ ਰਹੇ ਸਨ ਪਰ ਕਰਤਾਰੋ ਨੂੰ ਕੁਝ ਨਹੀਂ ਸਮਝ ਆ ਰਿਹਾ ਸੀ।

ਸੀਤਾ ਤੇ ਜੀਤਾ ਵੀ ਪੜ੍ਹਾਈ ਵਿੱਚ ਨਲਾਇਕ ਹੀ ਸਨ, ਕਰਤਾਰੋ ਸੋਚਦੀ ਸੀ ਕਿ ਉਹਨਾਂ ਦੀਆਂ ਪੜ੍ਹਾਈਆਂ ਦੇ ਖਰਚੇ ਕਰਕੇ ਕਿਹੜਾ ਉਹਨਾਂ ਨੇ ਅਫਸਰ ਬਣ ਜਾਣਾ ਸੀ। ਇਸ ਲਈ ਪਹਿਲਾਂ ਵੱਡੇ ਮੁੰਡੇ ਸੀਤੇ ਪੜ੍ਹਨੋਂ ਹਟਾ ਕੇ ਬਾਪੂ ਨਾਲ ਖੇਤੀ ਕਰਨ ਲਾ ਦਿੱਤਾ ਸੀ ਤੇ ਫਿਰ ਦੋ ਸਾਲ ਬਾਅਦ ਜੀਤੇ ਨੂੰ ਵੀ ਪੜ੍ਹਨੋਂ ਹਟਾ ਕੇ ਉਸ ਨੂੰ ਦੋ ਤਿੰਨ ਮੱਝਾਂ ਲੈ ਦਿੱਤੀਆਂ। ਸੁਰਜਣ ਸਿੰਘ ਦੇ ਮਰਨ ਤੋਂ ਬਾਅਦ ਛੇ ਸੱਤ ਸਾਲਾਂ ਵਿੱਚ ਹੀ ਉਹਨਾਂ ਦਾ ਕੰਮ ਚੰਗਾ ਤੁਰ ਪਿਆ ਸੀ । ਜੀਤੇ ਕੋਲ ਹੁਣ ਦਸ ਮੱਝਾਂ ਬਣ ਗਈਆਂ ਸਨ । ਸੰਤਾ ਸਿੰਘ ਦੀ ਵੀ ਸਿਹਤ ਖਰਾਬ ਰਹਿਣ ਲੱਗ ਪਈ ਸੀ। ਬੀਮਾਰੀ ਨੇ ਬਜੁਰਗ ਨੂੰ ਚੰਗੀ ਤਰ੍ਹਾਂ ਘੇਰ ਲਿਆ ਸੀ,ਛੇ ਮਹੀਨੇ ਬੀਮਾਰ ਰਹਿ ਕੇ ਉਹ ਵੀ ਰੱਬ ਨੂੰ ਪਿਆਰਾ ਹੋ ਗਿਆ ਸੀ। ਕਰਤਾਰ ਕੌਰ ਨੇ ਬਾਪੂ ਦੀਆਂ ਸਾਰੀਆਂ ਅੰਤਮ ਰਸਮਾਂ ਸੁਰਜਣ ਸਿੰਘ ਦੀ ਥਾਂ ਆਪ ਕੀਤੀਆਂ। ਉਹ ਆਪ ਸਰੀਕਾਂ ਨਾਲ ਕੀਰਤਪੁਰ ਜਾ ਕੇ ਫੁੱਲ ਪਾ ਕੇ ਆਈ ਤੇ ਬਾਪੂ ਦੇ ਭੋਗ ਤੇ ਵੱਡਾ ਕੀਤਾ, ਜਲੇਬੀਆਂ ਪਕਾਈਆਂ ਤੇ ਸਾਰੇ ਕਾਰ ਵਿਹਾਰ ਆਪ ਆਪਣੇ ਹੱਥੀਂ ਕੀਤੇ। ਉਸ ਨੇ ਇਹ ਸਭ ਕੁਝ ਆਪਣੇ ਹੱਥੀਂ ਆਪ ਤਾਂ ਕੀਤਾ ਸੀ ਕਿਉਂਕਿ ਜਿਹੜੀ ਉਮਰ ਵਿੱਚ ਬਾਪੂ ਨੂੰ ਅਰਾਮ ਦੀ ਲੋੜ ਸੀ,ਉਸ ਉਮਰ ਵਿੱਚ ਉਸ ਨੇ ਸੁਰਜਣ ਸਿੰਘ ਦੀ ਮੌਤ ਤੋਂ ਬਾਅਦ ਮਿਹਨਤ ਕਰਕੇ ਆਪ ਮੂਹਰੇ ਹੋ ਕੇ ਉਸ ਦਾ ਘਰ ਵਸਦਾ ਰੱਖਿਆ ਸੀ। ਇਸ ਲਈ ਉਹ ਬਾਪੂ ਦੇ ਸਤਿਕਾਰ ਵਿੱਚ ਕੋਈ ਕਮੀ ਨਹੀਂ ਆਉਣ ਦੇਣਾ ਚਾਹੁੰਦੀ ਸੀ ਚਾਹੇ ਸੀਤਾ ਤੇ ਜੀਤਾ ਇਹਨਾਂ ਸਾਰੀਆਂ ਰਸਮਾਂ ਨੂੰ ਪਖੰਡ ਦੱਸਦੇ ਸਨ।

ਕਰਤਾਰ ਕੌਰ ਦੇ ਘਰ ਵਿੱਚ ਕੋਈ ਕਮੀ ਨਹੀਂ ਸੀ ,ਕਮੀ ਸੀ ਤਾਂ ਦੋਹਾਂ ਪੁੱਤਾਂ ਦੇ ਇਤਫਾਕ ਦੀ ਸੀ। ਇੱਕ ਤਾਂ ਉਸ ਦੇ ਦੋਵੇਂ ਮੁੰਡਿਆਂ ਦੀ ਆਪਸ ਵਿੱਚ ਨਹੀਂ ਬਣਦੀ ਸੀ ਤੇ ਦੂਜਾ ਉਹ ਬਿਲਕੁਲ ਨਾਸਤਿਕ ਸਨ। ਕੰਮ ਚੰਗਾ ਚੱਲਦਾ ਵੇਖ ਕੇ ਪਿੰਡੋਂ ਹੀ ਕਿਸੇ ਦੀ ਵਹੁਟੀ ਨੇ ਆਪਣੀਆਂ ਦੋ ਸਕੀਆਂ ਭਤੀਜੀਆਂ ਦਾ ਰਿਸਤਾ ਕਰਵਾ ਦਿੱਤਾ। ਕਰਤਾਰ ਕੌਰ ਨੇ ਰੋਕੇ ਸਮੇਂ ਹੀ ਚੁੰਨੀ ਚੜ੍ਹਾ ਕੇ ਦੋਵੇਂ ਕੁੜੀਆਂ ਵਿਆਹ ਲਿਆਂਦੀਆਂ। ਸੀਤੇ ਤੇ ਜੀਤੇ ਦਾ ਘਰ ਵਸ ਗਿਆ ਤੇ ਘਰ ਵਿੱਚ ਵੀ ਰੌਣਕ ਹੋ ਗਈ ਸੀ। ਕਰਤਾਰ ਕੌਰ ਵੀ ਆਪਣੀ ਜਿ਼ੰਮੇਵਾਰੀ ਤੋਂ ਸੁਰਖਰੂ ਹੋ ਗਈ ਸੀ। ਉਹ ਆਪਣੀਆਂ ਨੂੰਹਾਂ ਮਨੀ ਅਤੇ ਕਰਮੋ ਦੇ ਕੰਮਾਂ ਵਿੱਚ ਬਹੁਤੀ ਦਖਲ ਅੰਦਾਜੀ ਨਹੀਂ ਦਿੰਦੀ ਸੀ। ਸਵੇਰੇ ਸਾਮ ਗੁਰਦੁਆਰੇ ਮੱਥਾ ਟੇਕਣ ਜਾਂਦੀ ਤੇ ਸਾਰਾ ਦਿਨ ਬੈਠੀ ਮਾਲਾ ਫੇਰਦੀ ਰਹਿੰਦੀ। ਘਰ ਦੇ ਛੋਟੇ ਮੋਟੇ ਕੰਮਾਂ ਵਿੱਚ ਨੂੰਹਾਂ ਨਾਲ ਹੱਥ ਵਟਾ ਦਿੰਦੀ। ਛੇ ਕੁ ਮਹੀਨੇ ਲੰਘੇ ਸਨ ਕਿ ਸੀਤੇ ਅਤੇ ਉਸ ਦੀ ਘਰਵਾਲੀ ਮਨੀ ਨੂੰ ਸ਼ੱਕ ਪੈਣ ਲੱਗ ਪਿਆ ਕਿ ਜੀਤਾ ਦੁੱਧ ਦੀ ਕਮਾਈ ਵਿੱਚੋਂ ਚੋਰੀ ਛਿਪੇ ਗੋਝਾਂ ਰੱਖਦਾ ਹੈ। ਉਹਨਾਂ ਨੂੰ ਲੱਗਿਆ ਕਿ ਉਹਨਾਂ ਦੀ ਖੇਤੀ ਦੇ ਪੈਸੇ ਤਾਂ ਘਰ ਵਿੱਚ ਸਭ ਦੇ ਸਾਹਮਣੇ ਆਉਂਦੇ ਹਨ ਤੇ ਖਰਚੇ ਜਾਂਦੇ ਹਨ। ਉਹਨਾਂ ਨੂੰ ਲੱਗਿਆ ਕਿ ਉਹਨਾਂ ਨਾਲ ਗਰੀਬ ਮਾਰ ਹੋ ਰਹੀ ਹੈ।

ਇੱਕ ਦਿਨ ਦੋਵਾਂ ਜੀਆਂ ਨੇ ਹੀਆ ਕਰਕੇ ਕਰਤਾਰ ਕੌਰ ਨੂੰ ਸਭ ਕੁਝ ਵੰਡਣ ਨੂੰ ਆਖ ਦਿੱਤਾ। ਕਰਤਾਰ ਕੌਰ ਨੇ ਵੀ ਲੜਾਈ ਝਗੜੇ ਦੀ ਥਾਂ ਸਮਝੌਤੇ ਨਾਲ ਹੀ ਦੋਵੇਂ ਪੁੱਤਰਾਂ ਨੂੰ ਅੱਡ ਕਰ ਦਿੱਤਾ ਘਰ ਵਿੱਚੋਂ ਇੱਕ ਕਮਰਾ ਆਪਣੇ ਕੋਲ ਰੱਖ ਕੇ ਦੋ ਦੋ ਕਮਰੇ,ਪੰਜ ਪੰਜ ਮੱਝਾਂ ਤੇ ਜਮੀਨ ਅੱਧੀ ਅੱਧੀ ਵੰਡ ਦਿੱਤੀ ਪਰ ਜਿਊਂਦੇ ਜੀਅ ਜਮੀਨ ਠੇਕੇ ਤੇ ਦੇ ਕੇ ਉਸ ਦੀ ਕਮਾਈ ਆਪਣੇ ਕੋਲ ਰੱਖਣ ਲਈ ਕਹਿ ਦਿੱਤਾ ਤਾਂ ਜੋ ਉਸ ਦਾ ਬੁਢਾਪਾ ਦੋਵੇਂ ਪੁੱਤਰਾਂ ਤੇ ਨਿਰਭਰ ਨਾ ਰਹੇ। ਦੋਵਾਂ ਮੁੰਡਿਆਂ ਨੇ ਇੱਕ ਘਰ ਵਿੱਚ ਹੀ ਆਪਣੀ ਰੋਟੀ ਵੀ ਅੱਡ ਅੱਡ ਕਰ ਲਈ ਤੇ ਪੰਜ ਪੰਜ ਮੱਝਾਂ ਦੇ ਦੁੱਧ ਦੇ ਸਿਰ ਤੇ ਗੁਜਾਰਾ ਕਰਨ ਲੱਗੇ। ਕਰਤਾਰ ਕੌਰ ਕਦੇ ਸੀਤੇ ਵੱਲ ਤੇ ਕਦੇ ਜੀਤੇ ਵੱਲ ਰੋਟੀ ਖਾ ਲੈਂਦੀ।ਇਸੇ ਤਰ੍ਹਾਂ ਦੋ ਸਾਲ ਨਿਕਲ ਗਏ ਸਨ। ਜਮੀਨ ਦਾ ਜਿਹੜਾ ਠੇਕਾ ਆਉਂਦਾ,ਉਹਦੇ ਵਿੱਚੋਂ ਆਪਣੀ ਦਵਾਈ ਬੂਟੀ ਲਈ ਪੈਸੇ ਰੱਖ ਕੇ ਆਪਣੇ ਦੋਹਾਂ ਪੁੱਤਾਂ ਨੂੰ ਅੱਧਾ ਅੱਧਾ ਵੰਡ ਕੇ ਦੇ ਦਿੰਦੀ। ਹੁਣ ਸੁੱਖ ਨਾਲ ਸੀਤਾ ਇੱਕ ਧੀ ਦਾ ਪਿਉ ਤੇ ਜੀਤਾ ਇੱਕ ਪੁੱਤ ਦਾ ਪਿਉ ਬਣ ਚੁੱਕਿਆ ਸੀ। ਮਨੀ ਤੇ ਕਰਮੋ ਦੀ ਵੀ ਜੇ ਆਪਸ ਵਿੱਚ ਬਣਦੀ ਨਹੀਂ ਸੀ ਤਾਂ ਕਦੇ ਆਪਸ ਵਿੱਚ ਉੱਚੀ ਆਵਾਜ ਵਿੱਚ ਲੜੀਆਂ ਵੀ ਨਹੀਂ ਸਨ।

ਕਰਤਾਰ ਕੌਰ ਨੂੰ ਉਂਝ ਤਾਂ ਕੋਈ ਦੁੱਖ ਨਹੀਂ ਸੀ ਕਿਉਂਕਿ ਮੁੱਢ ਕਦੀਮ ਤੋਂ ਹੀ ਨੂੰਹਾਂ ਪੁੱਤ ਅੱਡ ਹੁੰਦੇ ਆਏ ਹਨ। ਉਸ ਨੂੰ ਦੁੱਖ ਸੀ ਤਾਂ ਇੱਕੋ ਗੱਲ ਦਾ ਸੀ ਕਿ ਉਸ ਨੂੰ ਛੱਡ ਕੇ ਦੋਵੇਂ ਪੁੱਤ ਤੇ ਉਹਨਾਂ ਦੇ ਪਰਿਵਾਰ ਬਿਲਕੁਲ ਨਾਸਤਿਕ ਸਨ,ਉਹ ਕਿਸੇ ਧਰਮ ਤੇ ਰੀਤੀ ਰਿਵਾਜਾਂ ਨੂੰ ਨਹੀਂ ਮੰਨਦੇ ਸਨ। ਉਸ ਨੇ ਆਪਣੇ ਸਹੁਰੇ ਸੰਤਾ ਸਿੰਘ ਦੀਆਂ ਅੰਤਿਮ ਰਸਮਾਂ, ਫੁੱਲ ਪਾਉਣ ਤੇ ਭੋਗ ਦੀਆਂ ਰਸਮਾਂ ਵੀ ਉਹਨਾਂ ਦੇ ਵਿਰੁੱਧ ਹੋ ਕੇ ਕੀਤੀਆਂ ਸਨ। ਉਸ ਨੇ ਇਹੀ ਸੋਚ ਕੇ ਆਪਣੇ ਪਿੰਡ ਦੇ ਗੁਰਦੁਆਰਾ ਸਾਹਿਬ ਦੀ ਕਮੇਟੀ ਕੋਲ ਆਪਣੇ ਮਰਨ ਤੋਂ ਬਾਅਦ ਆਪਣੇ ਹੀ ਭੋਗ ਅਤੇ ਅੰਤਿਮ ਅਰਦਾਸ ਲਈ ਪਹਿਲਾਂ ਹੀ ਆਪਣੇ ਵੱਲੋਂ ਰਕਮ ਜਮ੍ਹਾਂ ਕਰਵਾ ਦਿੱਤੀ ਸੀ ਤੇ ਲਿਖਤੀ ਤੌਰ ਤੇ ਉਹਨਾਂ ਨੂੰ ਦੋ ਸਾਲ ਪਹਿਲਾਂ ਹੀ ਅਧਿਕਾਰ ਦੇ ਦਿੱਤਾ ਹੋਇਆ ਸੀ। ਉਹੀ ਗੱਲ ਹੋਈ ਕਰਤਾਰ ਕੌਰ ਰਾਤ ਰੋਟੀ ਖਾ ਕੇ ਚੰਗੀ ਭਲੀ ਸੁੱਤੀ ਸੀ। ਜਦ ਉਹ ਆਮ ਵਾਂਗ ਸਵੇਰੇ ਜਲਦੀ ਉੱਠ ਕੇ ਗੁਰਦੁਆਰਾ ਸਾਹਿਬ ਨਾ ਗਈ ਤਾਂ ਸੀਤੇ ਤੇ ਜੀਤੇ ਨੂੰ ਸ਼ੱਕ ਪਿਆ। ਜਦ ਉਹਨਾਂ ਨੇ ਉਸ ਦੇ ਕਮਰੇ ਵਿੱਚ ਜਾ ਕੇ ਵੇਖਿਆ ਤਾਂ ਉਹ ਪੂਰੀ ਹੋ ਗਈ ਸੀ। ਸਾਰੇ ਲੋਕ ਹੈਰਾਨ ਸਨ ਕਿ ਉਹ ਚੰਗੀ ਭਲੀ ਤੁਰੀ ਫਿਰਦੀ ਹੀ ਦੁਨੀਆਂ ਨੂੰ ਅਲਵਿਦਾ ਆਖ ਗਈ ਸੀ। "ਐਹੋ ਜਿਹੀ ਮੌਤ..... ਤਾਂ ਕਰਮਾਂ ਵਾਲਿਆਂ ਨੂੰ ਆਉਂਦੀ ਆ....!" ਅਫਸੋਸ ਕਰਨ ਆਈਆਂ ਬੁੜੀਆਂ ਗੱਲਾਂ ਕਰਦੀਆਂ।

"ਹਰ ਵੇਲੇ ਰੱਬ ਦਾ ਨਾਂ ਜਪਦੀ ਸੀ.... ਕਿਸੇ ਨੂੰ ਕਦੇ ਮਾੜਾ ਚੰਗਾ ਨੀ ਆਖਦੀ ਸੀ...!"

" ...ਭਾਈ ਬੀਮਾਰ ਹੋ ਕੇ ....ਲਮਕਣ ਨਾਲੋਂ ਤਾਂ ਚੰਗਾ ਈ ਆ....ਜਾਣਾ ਤਾਂ ਸਭ ਨੇ ਈ ਆ ਇੱਕ ਦਿਨ..."

" ...ਓਹਨੇ ਕਿਸੇ ਤੋਂ ਸੇਵਾ ਨੀ ਸੀ ਕਰਾਉਣੀ....!"

ਰਿਸਤੇਦਾਰ ਬੈਠੇ ਅਨੇਕਾਂ ਗੱਲਾਂ ਕਰਦੇ... ਜਿੰਨੇ ਮੂੰਹ ਓਨੀਆਂ ਗੱਲਾਂ।

ਕਰਤਾਰ ਕੌਰ ਦਾ ਸਸਕਾਰ ਤਾਂ ਕਰ ਦਿੱਤਾ ਗਿਆ। ਉਸ ਦੇ ਪੁੱਤਾਂ ਨੇ ਸਿਵਿਆਂ ਵਿੱਚੋਂ ਉਸ ਦੇ ਫੁੱਲ ਇਕੱਠੇ ਕਰਕੇ ਲਾਲ ਕੱਪੜੇ ਵਿੱਚ ਬੰਨ੍ਹ ਕੇ ਉੱਥੇ ਹੀ ਇੱਕ ਦਰਖਤ ਨਾਲ ਟੰਗ ਦਿੱਤੇ। ਕਰਤਾਰ ਕੌਰ ਦੀ ਇੱਛਾ ਅਨੁਸਾਰ ਉਸ ਦੀ ਅੰਤਿਮ ਅਰਦਾਸ ਤੇ ਭੋਗ ਗੁਰਦੁਆਰੇ ਵਿੱਚ ਹੀ ਪਾ ਦਿੱਤਾ ਗਿਆ। ਭੋਗ ਤੋਂ ਬਾਅਦ ਕਿਸੇ ਸਿਆਣੇ ਬੰਦੇ ਨੇ ਸੀਤੇ ਤੇ ਜੀਤੇ ਨੂੰ ਸਲਾਹ ਦਿੱਤੀ," ...ਭਾਈ ਵੀਰ.... ਤੁਸੀਂ ਆਪਣੀ ਮਾਂ ਦੀਆਂ ਅਸਥੀਆਂ ਵੀ ਪਾ ਆਓ...ਇਸ ਤਰ੍ਹਾਂ ਵੀਰਾਨ ਵਿੱਚ ਨਾ ਛੱਡ ਕੇ ਆਓ...!"

ਉਹ ਆਖਣ ਲੱਗੇ " ਉਹ ਨੀ ਮੰਨਦੇ ਕਿਸੇ ਵਹਿਮ ਭਰਮ ਨੂੰ... ਉਹਨਾਂ ਨੇ ਤਾਂ ਆਪਣੀ ਮਾਂ ਦੇ ਫੁੱਲ ਆਪਣੀ ਜਮੀਨ ਵਿੱਚ ਹੀ ਦੱਬਣਗੇ।"

ਮਾਂ ਦੀਆਂ ਅਸਥੀਆਂ ਦੱਬਣ ਲਈ ਵੀ ਦੋਹਾਂ ਭਰਾਵਾਂ ਵਿੱਚ ਲੜਾਈ ਹੋ ਗਈ, ਕਿਉਂ ਕਿ ਦੋਵੇਂ ਆਪਣੀ ਆਪਣੀ ਜਮੀਨ ਵਿੱਚ ਦੱਬਣਾ ਚਾਹੁੰਦੇ ਸਨ। ਮਾਮਲਾ ਪਿੰਡ ਦੀ ਪੰਚਾਇਤ ਤੱਕ ਪਹੁੰਚ ਗਿਆ। ਆਖਰ ਦੋਵੇਂ ਭਰਾ ਇਸ ਗੱਲ ਲਈ ਸਹਿਮਤ ਹੋ ਗਏ ਕਿ ਮਾਂ ਦੀਆਂ ਅਸਥੀਆਂ ਨੂੰ ਅੱਧਾ ਅੱਧਾ ਵੰਡ ਕੇ ਆਪੋ ਆਪਣੀ ਜਮੀਨ ਵਿੱਚ ਦੱਬਣਗੇ। ਪਿੰਡ ਦੇ ਲੋਕ ਘੁਸਰ ਮੁਸਰ ਕਰਦੇ ਹੋਏ ਤ੍ਰਾਹ ਤ੍ਰਾਹ ਕਰ ਰਹੇ ਸਨ ਕਿਉਂਕਿ ਸੀਤੇ ਤੇ ਜੀਤੇ ਨੇ ਮਰੀ ਹੋਈ ਮਾਂ ਨੂੰ ਵੀ ਵੰਡ ਲਿਆ ਸੀ।

# ਫਕੀਰ



ਗੁਰਦੀਪ ਸਿੰਘ ਮੁਕੱਦਮ
ਪਿੰਡ ਲਧਾਣਾ ਝਿੱਕਾ
9878160133

ਦੁਨਿਆਵੀ ਮੋਹ ਮਾਇਆ, ਪਰਿਵਾਰਿਕ ਬੰਧਨ, ਧਨ-ਦੌਲਤ,ਜ਼ਮੀਨ ਜਾਇਦਾਦ,ਜ਼ਿੰਦਗੀ ਦੇ ਐਸ਼ੋ ਇਸ਼ਰਤ ਅਤੇ ਭੌਤਿਕ ਸੁੱਖਾਂ ਦਾ ਤਿਆਗ ਕਰ ਕੇ,ਹਰ ਪਲ ਪ੍ਰਭੂ ਦੀ ਬੰਦਗੀ 'ਚ ਲੀਨ ਰਹਿਣ ਵਾਲੇ ਸੱਜਣ ਪੁਰਸ਼ ਨੂੰ ਫਕੀਰ ਦੀ ਉਪਾਧੀ ਮਿਲਦੀ ਹੈ ਫਕੀਰ ਸ਼ਬਦ,ਅਰਬੀ ਭਾਸ਼ਾ ਦੇ ਸ਼ਬਦ ਫੱਕਰ ਲਿਆ ਗਿਆ ਹੈ ਸੂਫ਼ੀ ਮੱਤ 'ਚ ਫਕੀਰ ਨੂੰ ਅਧਿਆਤਮਕ ਗੁਰੂ ਮੰਨਿਆ ਜਾਂਦਾ ਹੈ ਜੋ ਲੋਕ ਭਲਾਈ ਲਈ ਦੁਆਵਾਂ ਮੰਗਦਾ ਹੈ ਅਤੇ ਨਿਰਸਵਾਰਥ ਜੀਵਨ ਬਤੀਤ ਕਰਦਾ ਹੈ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਫਕੀਰ ਦੇ ਦਰ ਤੋਂ ਕੋਈ ਖਾਲੀ ਹੱਥ ਨਹੀਂ ਮੁੜਦਾ ਉਹ ਸੱਭ ਦੀਆਂ ਝੋਲੀਆਂ ਭਰਨ ਦੇ ਸਮਰਥ ਹੈ ਇੱਕ ਸੱਚੇ ਫਕੀਰ ਲਈ ਦੁਨਿਆਵੀ ਧਰਮ ਕੋਈ ਮਾਇਨੇ ਨਹੀਂ ਰੱਖਦੇ,ਉਸ ਲਈ ਇਨਸਾਨੀਅਤ ਹੀ ਸੱਚਾ ਧਰਮ ਹੁੰਦਾ ਹੈ।

1977-78 ਵਿੱਚ ਜਦੋਂ ਮੈਂ ਦੁਬੱਈ 'ਚ ਕੰਮ ਕਰਦਾ ਹੁੰਦਾ ਸੀ ਤਾਂ ਪੰਜਾਹ ਕੁ ਸਾਲ ਦਾ ਇੱਕ ਪਾਕਿਸਤਾਨੀ ਮੁਸਲਿਮ ਕਾਮਾ ਅਨਵਰ ਮਾਨ,ਅਕਸਰ ਸਾਡੇ ਕਮਰੇ 'ਚ ਆ ਵੜਦਾ ਸੀ ਦਰਵਾਜ਼ੇ ਦੇ ਨਾਲ ਹੀ ਰੱਖੀ ਬਾਬਾ ਨਾਨਕ ਜੀ ਦੀ ਫੋਟੋ ਅੱਗੇ ਸਿਰ ਝੁਕਾ ਕੇ ਕਿਹਾ ਕਰਦਾ ਸੀ, " ਪੀਰਾਂ ਦਾ ਪੀਰ, ਨਾਨਕ ਸ਼ਾਹ ਫਕੀਰ " ਪਹਿਲਾਂ ਪਹਿਲ ਉਸ ਦਾ ਇਹ ਵਾਕ ਸੁਣ ਕੇ ਮੈਨੂੰ ਬਹੁਤ ਬੁਰਾ ਲਗਦਾ ਹੁੰਦਾ ਸੀ ਗੁੱਸਾ ਵੀ ਬਹੁਤ ਆਉਂਦਾ ਸੀ ਫ਼ੇਰ ਮੈਨੂੰ,ਮੇਰੇ ਇੱਕ ਸਾਥੀ ਨੇ ਦੱਸਿਆ ਕਿ ਪਾਕਿਸਤਾਨ ਵਾਲੇ,ਗੁਰੂ ਨਾਨਕ ਪਾਤਸ਼ਾਹ ਨੂੰ ਆਪਣਾ ਪੀਰ ਮੰਨਦੇ ਹਨ ਅਤੇ ਇਸਲਾਮ ਧਰਮ ਵਿੱਚ ਪੀਰ ਫਕੀਰ ਦਾ ਰੁਤਬਾ ਸੱਭ ਤੋਂ ਉੱਚਾ ਤੇ ਸੁੱਚਾ ਮੰਨਿਆ ਜਾਂਦਾ ਹੈ ਅਨਵਰ ਮਾਨ ਦੇ ਦਿਲ ਵਿੱਚ,ਗੁਰੂ ਨਾਨਕ ਜੀ ਪ੍ਰਤੀ ਇਹ ਅਥਾਹ ਸ਼ਰਧਾ ਦੇਖ ਕੇ, ਮੈ ਆਪਣੇ ਬਜ਼ੁਰਗਾਂ ਵਾਂਗ ਹੀ ਅਨਵਰ ਮਾਨ ਦਾ ਸਤਿਕਾਰ ਕਰਨ ਲੱਗ ਪਿਆ ਸੀ ਮੇਰਾ ਵਿਸ਼ਵਾਸ ਹੈ ਕਿ ,ਜਗਤ ਦਾ ਤਾਰਨਹਾਰ, ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ,ਦੁਨੀਆਂ ਦਾ ਮਾਲਕ ਬਾਬਾ ਨਾਨਕ ਹੀ ਸੱਚਾ ਤੇ ਸੁੱਚਾ ਫਕੀਰ ਹੋਇਆ ਹੈ ਵਰਨਾਂ ਬਾਕੀ ਤਾਂ ਝੋਲਾ ਚੁੱਕ ਤੁਰਨ ਵਾਲੇ ਫਕੀਰ ਹੀ ਹਨ ਅੱਜ,ਅਕਸਰ ਮੈ ਵੀ,ਬਾਬਾ ਨਾਨਕ ਜੀ ਦੀ ਫੋਟੋ ਸਾਹਮਣੇ,ਅਨਵਰ ਦੀ ਤਰ੍ਹਾਂ, ਆਪ ਮੁਹਾਰੇ ਹੀ ਬੋਲ ਉੱਠਦਾ ਹਾਂ" ਪੀਰਾਂ ਦਾ ਪੀਰ, ਨਾਨਕ ਸ਼ਾਹ ਫਕੀਰ"।

# ਕੀ ਸਰਕਾਰੀ ਸਕੂਲ ਸੱਚਮੁੱਚ ਵਧੀਆ ਹੋ ਗਏ ਹਨ?ਤਾਂ ਨੇਤਾ ਆਪਣੇ ਬੱਚਿਆਂ ਨੂੰ ਉੱਥੇ ਕਿਉਂ ਨਹੀਂ ਭੇਜਦੇ






ਪੰਜਾਬ ਦੀ ਰਾਜਨੀਤੀ ਵਿੱਚ ਸਿੱਖਿਆ ਕ੍ਰਾਂਤੀ ਅੱਜ ਇੱਕ ਵੱਡਾ ਸਿਆਸੀ ਬ੍ਰਾਂਡ ਬਣ ਚੁੱਕਾ ਹੈ ਮੰਚਾਂ ਤੋਂ ਲੈ ਕੇ ਮੀਡੀਆ ਕੈਮਰਿਆਂ ਤੱਕ, ਇਹ ਨਾਰਾ ਇਸ ਤਰ੍ਹਾਂ ਗੂੰਜਦਾ ਹੈ ਜਿਵੇਂ ਸਿੱਖਿਆ ਪ੍ਰਣਾਲੀ ਵਿੱਚ ਇਤਿਹਾਸਕ ਬਦਲਾਅ ਆ ਚੁੱਕਾ ਹੋਵੇ ਮੁੱਖ ਮੰਤਰੀ ਭਗਵੰਤ ਮਾਨ ਵਾਰ-ਵਾਰ ਵਿਰੋਧੀ ਧਿਰ ਨੂੰ ਘੇਰਦੇ ਹਨ ਕਿ ਉਹ ਆਪਣੇ ਬੱਚਿਆਂ ਨੂੰ ਮਹਿੰਗੇ, ਪਹਾੜਾਂ ਵਾਲੇ ਕਾਨਵੈਂਟ ਸਕੂਲਾਂ ਵਿੱਚ ਭੇਜਦੇ ਹਨ ਅਤੇ ਆਮ ਲੋਕਾਂ ਨੂੰ ਸਰਕਾਰੀ ਸਕੂਲਾਂ ਦੀ ਸਲਾਹ ਦਿੰਦੇ ਹਨ

ਪਰ ਜਦੋਂ ਇਸ ਦਾਅਵੇ ਨੂੰ ਹਕੀਕਤ ਦੀ ਕਸੌਟੀ ‘ਤੇ ਪਰਖਿਆ ਗਿਆ, ਤਾਂ ਇੱਕ ਅਜਿਹਾ ਪੱਖ ਸਾਹਮਣੇ ਆਇਆ ਜੋ ਸਿਰਫ਼ ਸਿਆਸੀ ਵਾਦ-ਵਿਵਾਦ ਨਹੀਂ, ਸਗੋਂ ਨੈਤਿਕਤਾ ਅਤੇ ਭਰੋਸੇ ਦਾ ਵੀ ਸਵਾਲ ਖੜ੍ਹਾ ਕਰਦਾ ਹੈ

ਦੋ ਮਹੀਨਿਆਂ ਤੱਕ ਚੱਲੀ ਇੱਕ ਵਿਸਥਾਰਪੂਰਵਕ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਕਿ ਪੰਜਾਬ ਵਿਧਾਨ ਸਭਾ ਦੇ 117 ਮੈਂਬਰਾਂ ਵਿੱਚੋਂ 36 ਵਿਧਾਇਕਾਂ ਦੇ ਬੱਚੇ ਇਸ ਵੇਲੇ ਸਕੂਲਾਂ ਵਿੱਚ ਪੜ੍ਹ ਰਹੇ ਹਨ ਇਨ੍ਹਾਂ ਵਿੱਚੋਂ ਵੱਡੀ ਗਿਣਤੀ ਸੱਤਾਧਾਰੀ ਪਾਰਟੀ ਨਾਲ ਸੰਬੰਧਿਤ ਹੈ

ਪਰ ਸਭ ਤੋਂ ਚੌਕਾਉਣ ਵਾਲਾ ਤੱਥ ਇਹ ਹੈ ਕਿ:

ਸਿਰਫ਼ ਇੱਕ ਵਿਧਾਇਕ ਨੇ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਦਾਖਲ ਕਰਵਾਇਆ

ਜ਼ਿਆਦਾਤਰ ਵਿਧਾਇਕਾਂ ਨੇ ਪ੍ਰਾਈਵੇਟ ਅਤੇ ਅੰਗਰੇਜ਼ੀ ਮਾਧਿਅਮ ਸਕੂਲਾਂ ਨੂੰ ਚੁਣਿਆ

ਕੁਝ ਵਿਧਾਇਕਾਂ ਦੇ ਬੱਚੇ ਤਾਂ ਵਿਦੇਸ਼ਾਂ ਵਿੱਚ ਵੀ ਸਿੱਖਿਆ ਪ੍ਰਾਪਤ ਕਰ ਰਹੇ ਹਨ

ਇਹ ਅੰਕੜੇ ਸਿਰਫ਼ ਨੰਬਰ ਨਹੀਂ, ਸਗੋਂ ਇੱਕ ਵੱਡੀ ਸਿਆਸੀ ਕਹਾਣੀ ਦੇ ਦਰਵਾਜ਼ੇ ਖੋਲ੍ਹਦੇ ਹਨ—ਕਹਾਣੀ ਦਾਅਵਿਆਂ ਅਤੇ ਵਿਸ਼ਵਾਸ ਦੇ ਵਿਚਕਾਰ ਦੇ ਫਰਕ ਦੀ

ਸਮਾਜ ਵੀਕਲੀ ਨਿਊਜ਼

**ਐਲੀਟ ਸਕੂਲ: ਸਿੱਖਿਆ ਜਾਂ ਸਟੇਟਸ ਸਿੰਬਲ?**

ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਕਈ ਵਿਧਾਇਕ ਆਪਣੇ ਬੱਚਿਆਂ ਨੂੰ ਦੇਸ਼ ਦੇ ਸਭ ਤੋਂ ਪ੍ਰਤਿਸ਼ਠਿਤ ਅਤੇ ਮਹਿੰਗੇ ਰਿਹਾਇਸ਼ੀ ਸਕੂਲਾਂ ਵਿੱਚ ਭੇਜ ਰਹੇ ਹਨ, ਜਿਵੇਂ:

The Lawrence School, Sanawar

The Scindia School, Gwalior

ਇਹ ਉਹ ਸੰਸਥਾਵਾਂ ਹਨ ਜਿੱਥੇ ਸਿਰਫ਼ ਪੜ੍ਹਾਈ ਨਹੀਂ, ਸਗੋਂ ਇੱਕ ਖਾਸ ਵਰਗ ਦੀ ਜੀਵਨ ਸ਼ੈਲੀ ਵੀ ਸਿਖਾਈ ਜਾਂਦੀ ਹੈ ਉੱਚ ਫੀਸਾਂ, ਅੰਗਰੇਜ਼ੀ ਮਾਹੌਲ, ਵਿਦੇਸ਼ੀ ਮਾਡਲ—ਇਹ ਸਭ ਕੁਝ ਮਿਲ ਕੇ ਇਨ੍ਹਾਂ ਨੂੰ ਐਲੀਟ ਬਣਾਉਂਦਾ ਹੈ

ਸਵਾਲ ਇਹ ਹੈ ਕਿ ਜੇ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਇੰਨੀ ਹੀ ਕ੍ਰਾਂਤੀ ਆ ਗਈ ਹੈ, ਤਾਂ ਫਿਰ ਇਹ ਚੋਣ ਕਿਉਂ?

**ਸਰਕਾਰੀ ਸਕੂਲਾਂ ਦੀ ਹਕੀਕਤ: ਸੁਧਾਰ ਜਾਂ ਸਿਰਫ਼ ਸਿੰਗਾਰ?**

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੰਜਾਬ ਵਿੱਚ ਕੁਝ ਸਕੂਲਾਂ ਵਿੱਚ ਭੌਤਿਕ ਸੁਧਾਰ ਕੀਤੇ ਗਏ ਹਨ—ਨਵੀਆਂ ਇਮਾਰਤਾਂ, ਰੰਗੀਨ ਕਲਾਸਰੂਮ, ਸਮਾਰਟ ਬੋਰਡ, ਅਤੇ ਵਿਦਿਆਰਥੀਆਂ ਲਈ ਬਿਹਤਰ ਸਹੂਲਤਾਂ

ਪਰ ਸਿੱਖਿਆ ਸਿਰਫ਼ ਇਮਾਰਤਾਂ ਦਾ ਨਾਮ ਨਹੀਂ ਅਸਲ ਮਾਪਦੰਡ ਹਨ:

**ਗੁਰਭਿੰਦਰ ਗੁਰੀ**

ਅਧਿਆਪਕਾਂ ਦੀ ਗੁਣਵੱਤਾ

ਪਾਠਕ੍ਰਮ ਦੀ ਗਹਿਰਾਈ

ਵਿਦਿਆਰਥੀਆਂ ਦੀ ਸਮਝ ਅਤੇ ਨਤੀਜੇ

ਮੁਕਾਬਲੇ ਵਾਲੀ ਦੁਨੀਆ ਲਈ ਤਿਆਰੀ

ਜੇ ਇਹ ਸਭ ਕੁਝ ਵਾਸਤਵ ਵਿੱਚ ਬਦਲ ਗਿਆ ਹੁੰਦਾ, ਤਾਂ ਕੀ ਨੇਤਾਵਾਂ ਆਪਣੇ ਬੱਚਿਆਂ ਲਈ ਇਹ ਸਿਸਟਮ ਨਹੀਂ ਚੁਣਦੇ?

**ਦੋਹਰਾ ਮਾਪਦੰਡ: ਸਿਆਸਤ ਦੀ ਪੁਰਾਣੀ ਰੀਤ**

ਇਹ ਮਸਲਾ ਸਿਰਫ਼ ਇੱਕ ਪਾਰਟੀ ਤੱਕ ਸੀਮਿਤ ਨਹੀਂ ਵਿਰੋਧੀ ਧਿਰ ਦੇ ਕਈ ਨੇਤਾ ਵੀ ਆਪਣੇ ਬੱਚਿਆਂ ਨੂੰ ਮਹਿੰਗੇ ਸਕੂਲਾਂ ਵਿੱਚ ਪੜ੍ਹਾਉਂਦੇ ਆਏ ਹਨ ਪਰ ਜਿਹੜੇ ਲੋਕ ਇਮਾਨਦਾਰ ਰਾਜਨੀਤੀ ਅਤੇ ਬਦਲਾਅ ਦੇ ਨਾਂ ‘ਤੇ ਸੱਤਾ ਵਿੱਚ ਆਏ, ਉਨ੍ਹਾਂ ਤੋਂ ਉਮੀਦ ਸੀ ਕਿ ਉਹ ਇਸ ਰਿਵਾਜ ਨੂੰ ਤੋੜਣਗੇ

ਪਰ ਹਕੀਕਤ ਇਹ ਦੱਸਦੀ ਹੈ ਕਿ: ਸਿਸਟਮ ਬਦਲਣ ਦੀ ਗੱਲ ਕਰਨ ਵਾਲੇ ਖੁਦ ਉਸ ਸਿਸਟਮ ‘ਤੇ ਭਰੋਸਾ ਨਹੀਂ ਕਰ ਰਹੇ

ਲੋਕਾਂ ਲਈ ਸੰਦੇਸ਼ ਕੀ ਹੈ?

ਜਦੋਂ ਇੱਕ ਆਮ ਮਾਪੇ ਇਹ ਸਭ ਕੁਝ ਦੇਖਦਾ ਹੈ, ਤਾਂ ਉਸ ਦੇ ਮਨ ਵਿੱਚ ਕੁਝ ਸਿੱਧੇ ਸਵਾਲ ਉੱਠਦੇ ਹਨ:

ਕੀ ਸਰਕਾਰੀ ਸਕੂਲ ਸੱਚਮੁੱਚ ਵਧੀਆ ਹੋ ਗਏ ਹਨ?

ਜੇ ਹਨ, ਤਾਂ ਨੇਤਾ ਆਪਣੇ ਬੱਚਿਆਂ ਨੂੰ ਉੱਥੇ ਕਿਉਂ ਨਹੀਂ ਭੇਜਦੇ?

ਕੀ ਸਿੱਖਿਆ ਕ੍ਰਾਂਤੀ ਸਿਰਫ਼ ਗਰੀਬਾਂ ਲਈ ਹੀ ਹੈ?

ਇਹ ਸਵਾਲ ਸਿਰਫ਼ ਸਿਆਸੀ ਨਹੀਂ, ਸਗੋਂ ਸਮਾਜਿਕ ਭਰੋਸੇ ਨਾਲ ਜੁੜੇ ਹਨ

ਅੱਜ ਦੇ ਸਮੇਂ ਵਿੱਚ ਮੀਡੀਆ ਦਾ ਵੱਡਾ ਹਿੱਸਾ ਸਰਕਾਰੀ ਦਾਅਵਿਆਂ ਨੂੰ ਹੀ ਅੱਗੇ ਵਧਾਉਂਦਾ ਦਿਖਾਈ ਦਿੰਦਾ ਹੈ ਸਕੂਲਾਂ ਦੇ ਰੰਗ-ਰੋਗਨ, ਵਿਦੇਸ਼ੀ ਦੌਰੇ ਅਤੇ ਇਵੈਂਟਸ ਨੂੰ ਵੱਡੇ ਤੌਰ ‘ਤੇ ਦਿਖਾਇਆ ਜਾਂਦਾ ਹੈ, ਪਰ ਜ਼ਮੀਨੀ ਸੱਚਾਈ ਅਤੇ ਨਤੀਜਿਆਂ ‘ਤੇ ਘੱਟ ਗੱਲ ਹੁੰਦੀ ਹੈ

ਇਸ ਤਰ੍ਹਾਂ ਦੀ ਜਾਂਚ ਹੀ ਅਸਲ ਪੱਤਰਕਾਰਤਾ ਦੀ ਪਛਾਣ ਹੈ—ਜਿੱਥੇ ਸਵਾਲ ਪੁੱਛੇ ਜਾਂਦੇ ਹਨ, ਨਾ ਕਿ ਸਿਰਫ਼ ਜਵਾਬ ਸੁਣਾਏ ਜਾਂਦੇ ਹਨ

ਸਿੱਖਿਆ ਕ੍ਰਾਂਤੀ: ਅਸਲ ਮਤਲਬ ਕੀ ਹੋਣਾ ਚਾਹੀਦਾ ਹੈ?

ਅਸਲ ਸਿੱਖਿਆ ਕ੍ਰਾਂਤੀ ਉਹ ਹੁੰਦੀ ਹੈ:

ਜਿੱਥੇ ਹਰ ਬੱਚੇ ਨੂੰ ਇਕਸਾਰ ਮੌਕੇ ਮਿਲਣ

ਜਿੱਥੇ ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਫਰਕ ਘੱਟ ਹੋਵੇ

ਜਿੱਥੇ ਨੇਤਾ ਆਪਣੇ ਬੱਚਿਆਂ ਲਈ ਵੀ ਉਹੀ ਸਿਸਟਮ ਚੁਣਨ

ਜਿੱਥੇ ਸਿੱਖਿਆ ਸਿਆਸੀ ਨਾਰਾ ਨਹੀਂ, ਸਗੋਂ ਸਮਾਜਿਕ ਅਧਿਕਾਰ ਬਣੇ

ਸਿੱਖਿਆ ਕ੍ਰਾਂਤੀ ਦਾ ਨਾਰਾ ਸੁਣਨ ਵਿੱਚ ਬਹੁਤ ਪ੍ਰਭਾਵਸ਼ਾਲੀ ਹੈ, ਪਰ ਜਦੋਂ ਇਸ ਨੂੰ ਅਸਲ ਜ਼ਿੰਦਗੀ ਨਾਲ ਜੋੜ ਕੇ ਦੇਖਿਆ ਜਾਂਦਾ ਹੈ, ਤਾਂ ਕਈ ਖਾਮੀਆਂ ਸਾਹਮਣੇ ਆਉਂਦੀਆਂ ਹਨ

ਜਦ ਤੱਕ ਨੇਤਾ ਆਪਣੇ ਬੱਚਿਆਂ ਲਈ ਵੀ ਸਰਕਾਰੀ ਸਕੂਲਾਂ ਨੂੰ ਚੁਣਨ ਲਈ ਤਿਆਰ ਨਹੀਂ ਹੁੰਦੇ, ਤਦ ਤੱਕ ਇਹ ਦਾਅਵੇ ਅਧੂਰੇ ਲੱਗਦੇ ਰਹਿਣਗੇ

ਪੰਜਾਬ ਦੇ ਲੋਕ ਹੁਣ ਸਿਰਫ਼ ਸੁਣਨਾ ਨਹੀਂ, ਦੇਖਣਾ ਚਾਹੁੰਦੇ ਹਨ—ਉਹ ਹਕੀਕਤ ਜੋ ਨਾਰਿਆਂ ਤੋਂ ਪਰੇ ਹੋਵੇ

ਸੱਚੀ ਕ੍ਰਾਂਤੀ ਉਹ ਨਹੀਂ ਜੋ ਮੰਚਾਂ ‘ਤੇ ਬੋਲੀ ਜਾਵੇ, ਸੱਚੀ ਕ੍ਰਾਂਤੀ ਉਹ ਹੈ ਜੋ ਲੋਕਾਂ ਦੇ ਜੀਵਨ ਵਿੱਚ ਦਿਖਾਈ ਦੇਵੇ

# ਕੀ ਮਨੁੱਖ ਦੀ ਸੋਚ ਦਾ ਉਮਰ ਵੱਧਣ ਨਾਲ ਕੋਈ ਸਬੰਧ ਹੈ?

ਮਨੁੱਖ ਦੀ ਸੋਚ, ਸਮਝ ਅਤੇ ਵਿਚਾਰਧਾਰਾ ਇੱਕ ਸਥਿਰ ਪੱਧਰ ‘ਤੇ ਨਹੀਂ ਰਹਿੰਦੀ। ਜਿਵੇਂ-ਜਿਵੇਂ ਮਨੁੱਖ ਦੀ ਉਮਰ ਵਧਦੀ ਹੈ, ਉਸ ਦੀ ਸੋਚ ਵਿਚ ਵੀ ਵਾਧਾ, ਤਬਦੀਲੀ ਜਾਂ ਪੱਕਾਪਨ ਆਉਂਦਾ ਹੈ। ਇਹ ਤਬਦੀਲੀ ਸਿਰਫ ਜੈਵਿਕ ਤੌਰ ‘ਤੇ ਨਹੀਂ, ਸਗੋਂ ਤਜਰਬੇ, ਸਿੱਖਿਆ, ਸਮਾਜਿਕ ਮਾਹੌਲ ਅਤੇ ਜੀਵਨ ਦੀਆਂ ਘਟਨਾਵਾਂ ਤੋਂ ਪ੍ਰਭਾਵਿਤ ਹੁੰਦੀ ਹੈ। ਬਚਪਨ ਵਿੱਚ ਮਨੁੱਖ ਦੀ ਸੋਚ ਸਰਲ ਅਤੇ ਭਰੋਸੇ ਭਰੀ ਹੁੰਦੀ ਹੈ। ਉਹ ਜੋ ਵੇਖਦਾ ਹੈ, ਉਹੀ ਮੰਨਦਾ ਹੈ। ਨੌਜਵਾਨੀ ਵਿੱਚ ਸੋਚ ਝਲਮਲਾਉਂਦੀ, ਉਤਸਾਹਤ ਅਤੇ ਕਈ ਵਾਰ ਜਜਬਾਤੀ ਹੁੰਦੀ ਹੈ। ਇਸ ਉਮਰ ਵਿੱਚ ਆਦਮੀ ਆਦਰਸਵਾਦੀ ਸੋਚ ਰੱਖਦਾ ਹੈ ਅਤੇ ਦੁਨੀਆਂ ਨੂੰ ਬਦਲਣ ਦੇ ਸੁਪਨੇ ਵੇਖਦਾ ਹੈ। ਜਿਵੇਂ-ਜਿਵੇਂ ਉਮਰ ਵਧਦੀ ਹੈ, ਤਜਰਬਾ ਵਧਦਾ ਹੈ, ਅਤੇ ਮਨੁੱਖ ਦੀ ਸੋਚ ਵਿੱਚ ਗੰਭੀਰਤਾ ਅਤੇ ਹਕੀਕਤ ਆਉਂਦੀ ਹੈ। ਉਹ ਜ਼ਿੰਦਗੀ ਦੇ ਕਈ ਪੱਖਾਂ ਨੂੰ ਸਮਝਣ ਲੱਗ ਪੈਂਦਾ ਹੈ। ਉਹਨੂੰ ਪਤਾ ਲੱਗ ਜਾਂਦਾ ਹੈ ਕਿ ਹਰ ਚੀਜ ਕਾਲੀ ਜਾਂ ਚਿੱਟੀ ਨਹੀਂ ਹੁੰਦੀ, ਬਲਕਿ ਦਰਮਿਆਨ ਵਿੱਚ ਵੀ ਬਹੁਤ ਕੁਝ ਹੁੰਦਾ ਹੈ। ਬੁਜ਼ੁਰਗ ਅਵਸਥਾ ਵਿੱਚ ਮਨੁੱਖ ਦੀ ਸੋਚ ਵਿਚ ਸੰਤੁਲਨ ਆ ਜਾਂਦਾ ਹੈ। ਉਹ ਤਜਰਬੇ ਰਾਹੀਂ ਸਿੱਖ ਜਾਂਦਾ ਹੈ ਕਿ ਕਿੰਨੇ ਮਾਮਲਿਆਂ ‘ਚ ਚੁੱਪ ਰਹਿਣਾ ਹੀ ਚੰਗਾ ਹੁੰਦਾ ਹੈ, ਕਿੰਨੇ ਵਿੱਚ ਹੱਸ ਕੇ ਟਾਲ ਦੇਣਾ। ਉਸ ਦੀ ਸੋਚ ਹੋਰਾਂ ਲਈ ਵੀ ਲਾਭਦਾਇਕ ਹੋ ਜਾਂਦੀ ਹੈ ਕਿਉਂਕਿ ਉਹ ਸਲਾਹ ਦੇਣ ਦੇ ਯੋਗ ਬਣ ਜਾਂਦਾ ਹੈ।

ਸਮਾਜ ਵੀਕਲੀ ਨਿਊਜ਼



**ਲਖਵਿੰਦਰ ਸਿੰਘ ਗਿੱਲ**
**9855271004**

ਉਮਰ ਅਤੇ ਸੋਚ ਦਾ ਸਬੰਧ ਸਾਫ ਹੈ। ਜਿਵੇਂ-ਜਿਵੇਂ ਉਮਰ ਵਧਦੀ ਹੈ, ਸੋਚ ਵਿਚ ਪਰਿਪੱਕਤਾ, ਸਬਰ ਅਤੇ ਸਮਝ ਉਤਪੰਨ ਹੁੰਦੀ ਹੈ। ਹਰ ਪੜਾਅ ‘ਤੇ ਮਨੁੱਖ ਦੀ ਸੋਚ ਉਸ ਦੇ ਜੀਵਨ ਅਨੁਭਵਾਂ ਤੇ ਆਧਾਰਿਤ ਹੋ ਕੇ ਬਦਲਦੀ ਰਹਿੰਦੀ ਹੈ। ਇਸ ਲਈ ਇਹ ਕਹਿਣਾ ਉਚਿਤ ਹੋਵੇਗਾ ਕਿ ਮਨੁੱਖ ਦੀ ਸੋਚ ਦਾ ਉਸ ਦੀ ਉਮਰ ਨਾਲ ਡੂੰਘਾ ਸਬੰਧ ਹੁੰਦਾ ਹੈ।

# ਪ੍ਰਵਾਸੀ ਭਾਰਤੀ ਦਿਵਸ ਮੌਕੇ ਤੇ ਵੈਨਕੂਵਰ ਚ  ਸਮਾਗਮ ਆਯੋਜਿਤ

## ਕਈ ਪ੍ਰਮੁੱਖ ਸ਼ਖਸ਼ੀਅਤਾਂ ਨੇ ਕੀਤੀ ਸ਼ਿਰਕਤ






**ਵੈਨਕੂਵਰ, ਰਚ( ਮਲਕੀਤ ਸਿੰਘ )–** ਪ੍ਰਵਾਸੀ ਭਾਰਤੀ ਦਿਵਸ ਦੇ ਮੌਕੇ ਤੇ ਵੈਨਕੂਵਰ ਸਥਿਤ ਭਾਰਤੀ ਕੌਂਸਲੇਟ ਜਨਰਲ ਅਤੇ ਸਥਾਨਕ ਭਾਈਚਾਰੇ ਦੇ ਸਾਂਝੇ ਉਦਮ ਸਦਕਾ ਵੈਨਕੂਵਰ ਸਥਿਤ ਸਾਊਥਹਾਲ ਬੈਂਕੁਟ ਹਾਲ ਵਿੱਚ ਇੱਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪ੍ਰੀਮੀਅਰ ਡੇਵਿਡ ਏਬੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਸਮਾਗਮ ਦੇ ਸ਼ੁਰੂਆਤ ਵਿੱਚ ਭਾਰਤ ਦੇ ਵੈਨਕੂਵਰ ਸਥਿਤ ਕੌਂਸਲਰ ਜਨਰਲ ਮਾਸਾਕੋਈ ਰੰਗ ਸੁੰਘ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਦਿਲੀ ਸਵਾਗਤ ਕਰਦਿਆ ਆਪਣੀ ਸੰਖੇਪ ਤਕਰੀਰ ਚ ਭਾਰਤ- ਕਨੇਡਾ ਦੇ ਆਪਸੀ ਮਜਬੂਤ ਸੰਬੰਧਾਂ ਦਾ ਜ਼ਿਕਰ ਕਰਦਿਆਂ ਕਨੇਡਾ ਭਾਰਤ ਵਿਚਾਲੇ ਵਪਾਰਕ, ਸੱਭਿਆਚਾਰਕ ਅਤੇ ਹੋਰ ਦੁਵੱਲੇ ਰਿਸ਼ਤਿਆਂ ਵਿੱਚ ਆਈ ਮਜਬੂਤੀ ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਇਸ ਮੌਕੇ ਤੇ ਬੋਲਦਿਆ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਏਬੀ ਵੱਲੋਂ



ਆਪਣੀ ਸੰਖੇਪ ਤਕਰੀਰ ਚ ਭਾਰਤ ਕਨੇਡਾ ਵਿਆਪਕ ਵਪਾਰ ਸਮਝੌਤੇ ਸਬੰਧੀ ਜਲਦ ਹੀ ਪ੍ਰਗਤੀ ਹੋਣ ਦੀ ਆਸ ਪ੍ਰਗਟਾਉਂਦਿਆਂ ਕਿਹਾ ਕਿ ਕਨੇਡੀਅਨ ਅਰਥਚਾਰੇ ਨੂੰ




ਕੌਮਾਤਰੀ ਵਪਾਰਕ ਮੁੱਦੇ ਤੇ ਭਾਰਤ ਵਰਗੇ ਸਹਿਯੋਗੀ ਦੀ ਲੋੜ ਹੈ ਉਹਨਾਂ ਨੇ ਪਿਛਲੇ ਦਿਨੀ ਇੱਕ ਉੱਚ ਪੱਧਰੀ ਵਫਦ ਨਾਲ ਭਾਰਤ ਦੇ ਵੱਖ-ਵੱਖ ਸ਼ਹਿਰਾਂ ਦੇ ਕੀਤੇ ਦੌਰੇ ਦੇ ਅਨੁਭਵ ਵੀ ਸਾਂਝੇ ਕੀਤੇ

ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ, ਉਜਲ ਦਸਾਂਝ, ਬੀਸੀ ਅਸੈਂਬਲੀ ਦੇ ਸਪੀਕਰ ਰਾਜ ਚੌਹਾਨ, ਮੰਤਰੀ ਜਗਰੂਪ ਬਰਾੜ, ਸੁਨੀਤਾ ਧੀਰ ਰੋਹਿਨੀ ਅਰੋੜਾ, ਜਿੰਨੀ ਸਿਮਸ, ਵੈਨਕੂਵਰ ਪੁਲਿਸ ਮੁਖੀ ਸਟੀਵ



ਰਾਏ, ਸਤਬੀਰ ਸਿੰਘ ਚੀਮਾ, ਲੀਲਾ ਆਹੀਰ, ਬੋਬ ਬਿਹਾਰੀ, ਲਵਲੀਨ ਗਿੱਲ,ਰੌਨ ਮੁੰਦੀ, ਏਜੇ ਗਿੱਲ ਅਤੇ ਮੇਖਾ ਕਰੋਥੂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ

ਹੋਰਨਾ ਹਸਤੀਆਂ ਤੋਂ ਇਲ-ਾਵਾ ਇਸ ਮੌਕੇ ਤੇ ਸੁਕੇਸ਼



ਕੁਮਾਰ, ਰਵੀ ਪ੍ਰਕਾਸ਼ ਸਿੰਘ,ਡਾ ਏ ਆਰ,ਜਤਿੰਦਰ ਧੀਰ, ਅਨੀਤਾ ਹੁਬਰਮੈਨ ਆਦਿ ਵੀ ਹਾਜ਼ਰ ਸਨ ਇਸ ਸਮਾਗਮ ਦੌਰਾਨ ਭਾਰਤ ਦੇ ਵੱਖ ਵੱਖ ਸੂਬਿਆਂ ਦੀ ਹਸਤ ਕਲਾ ਨੂੰ ਦਰਸਾਉਂਦੀ ਪ੍ਰਦਰਸ਼ਨੀ ਵੀ ਲਗਾਈ ਗਈ।

# ਕਨੇਡਾ ਬਾਰਡਰ ਏਜੰਸੀ ਵੱਲੋਂ ਗੰਭੀਰ ਅਪਰਾਧਾਂ ਨਾਲ ਜੁੜੇ ਦੋ ਦੋਸ਼ੀਆਂ ਦੀਆ ਤਸਵੀਰਾਂ ਜਾਰੀ

**ਵੈਨਕੂਵਰ, (ਮਲਕੀਤ ਸਿੰਘ)** – ਕਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਪੰਜਾਬੀ ਮੂਲ ਦੇ ਦੋ ਅਜਿਹੇ ਵਿਅਕਤੀਆਂ ਦੀ ਸ਼ਨਾਖਤ ਕਰਕੇ ਤਸਵੀਰਾਂ ਜਾਰੀ ਕੀਤੀਆਂ ਹਨ ਜਿਨ੍ਹਾਂ ਉੱਤੇ ਵਸੂਲੀ ਅਤੇ ਹੋਰ ਗੰਭੀਰ ਅਪਰਾਧਾਂ ਨਾਲ ਸੰਬੰਧਿਤ ਹੋਣ ਦੇ ਦੋਸ਼ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਅਰਸ਼ਦੀਪ ਸਿੰਘ ਅਤੇ ਸੁਖਨਾਜ਼ ਸਿੰਘ ਸੰਧੂ ਨੂੰ ਕਈ ਸੂਬਿਆਂ ਵਿੱਚ ਫੈਲੀ ਗੰਭੀਰ ਅਪਰਾਧਕ ਗਤੀਵਿਧੀਆਂ ਨਾਲ ਜੋੜਿਆ ਗਿਆ ਹੈ। ਦੋਹਾਂ ਵਿਅਕਤੀਆਂ ਨੂੰ ਪਹਿਲਾਂ ਹੀ ਕਨੇਡਾ ਤੋਂ ਡਿਪੋਰਟ ਕੀਤਾ ਜਾ ਚੁੱਕਾ ਹੈ।



ਕਨੇਡਾ ਬਾਰਡਰ ਏਜੰਸੀ ਵੱਲੋਂ ਦੋਸ਼ੀਆ ਜਨਤਕ ਕੀਤੀਆਂ ਗਈਆਂ ਤਸਵੀਰਾਂ।

ਜਾਂਚ ਵਿੱਚ ਸਾਹਮਣੇ ਆਇਆ ਕਿ ਇਹ ਦੋਵੇਂ ਵਿਅਕਤੀ ਵੱਖ-ਵੱਖ ਸੂਬਿਆਂ ਵਿੱਚ ਵਸੂਲੀ ਅਤੇ ਹੋਰ ਗੈਰਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਰਹੇ ਹਨ।ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਮਾਮਲੇ ਕਨੇਡਾ ਵਿੱਚ ਕਾਨੂੰਨ-ਵਿਵਸਥਾ ਨੂੰ ਕਾਇਮ ਰੱਖਣ ਲਈ ਚੁਣੌਤੀ ਪੈਦਾ ਕਰਦੇ ਹਨ ।

# ਕੈਨੇਡਾ ਦੀ ਆਬਾਦੀ ਦੇ ਅੰਕੜਿਆ ਚ ਗਿਰਾਵਟ ਦਰਜ

**ਵੈਨਕੂਵਰ, (ਮਲਕੀਤ ਸਿੰਘ)** – ਕਨੇਡਾ ਦੀ ਆਬਾਦੀ ਵਿੱਚ ਗਿਰਾਵਟ ਆਉਣੀ ਦਰਜ ਕੀਤੀ ਗਈ ਹੈ, ਜੋ ਕਿ ਦੇਸ਼ ਦੇ ਇਤਿਹ-ਾਸ ਵਿੱਚ ਪਹਿਲੀ ਵਾਰ ਵਾਪਰਿਆ ਮਾਮਲਾ ਹੈ।

ਸਟੈਟਿਸਟਿਕਸ ਕਨੇਡਾ ਵੱਲੋਂ ਜਾਰੀ ਕੀਤੇ ਤਾਜ਼ਾ ਅੰਕੜਿਆਂ ਅਨੁਸਾਰ ਇਹ ਪਹਿਲਾ ਮੌਕਾ ਹੈ ਜਦੋਂ ਇੱਕ ਸਾਲ ਦੇ ਅੰਦਰ ਆਬਾਦੀ ਵਿੱਚ ਨੈੱਟ ਘਟਾਓ ਦਰਜ ਕੀਤਾ ਗਿਆ ਹੈ।

ਜਾਣਕਾਰੀ ਮੁਤਾਬਕ ਕਨੇਡਾ ਵਿੱਚ ਆਬਾਦੀ ਦੀ ਇਹ ਕਮੀ ਕਨਫੈਡਰੇਸ਼ਨ ਤੋਂ ਬਾਅਦ ਪਹਿਲੀ ਵਾਰ ਸਾਹ-ਮਣੇ ਆਈ ਹੈ, ਜਿਸ ਨਾਲ ਮਾਹਿਰਾਂ ਵਿੱਚ ਚਿੰਤਾ ਪਾਈ ਜਾ ਰਹੀ ਹੈ। ਇਹ ਤਬਦੀਲੀ ਦੇਸ਼ ਦੀ ਆਰਥਿਕਤਾ, ਮਜ਼ਦੂਰੀ ਬਾਜ਼ਾਰ ਅਤੇ ਇਮੀਗ੍ਰੇਸ਼ਨ ਨੀਤੀਆਂ 'ਤੇ ਵੀ ਅਸਰ ਪਾ ਸਕਦੀ ਹੈ।

ਸਟੈਟਿਸਟਿਕਸ ਕਨੇਡਾ ਦੇ ਤਿਮਾਹੀ ਅੰਦਾਜ਼ਿਆਂ ਮੁਤਾਬਕ ਆਬਾਦੀ ਵਿੱਚ ਆਈ ਇਹ ਘਟੋਤਰੀ ਕਈ ਕਾਰਨਾ ਨਾਲ ਜੁੜੀ ਹੋ ਸਕਦੀ ਹੈ, ਜਿਸ ਵਿੱਚ ਇਮੀਗ੍ਰੇਸ਼ਨ ਨੀਤੀਆਂ ਵਿੱਚ ਤਬਦੀਲੀ, ਜਨਮ ਦਰਾਂ ਵਿੱਚ ਕਮੀ ਅਤੇ ਕੁਝ ਹੱਦ ਤੱਕ ਦੇਸ਼ ਛੱਡ ਕੇ ਜਾਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਹੋਣਾ ਵੀ ਸ਼ਾਮਲ ਹੈ।

# ਸਕੁਐਮਿਸ਼ ਵਿੱਚ ਕਾਲੇ ਰਿੱਛ ਵੱਲੋਂ ਦੋ ਲੋਕਾਂ 'ਤੇ 'ਝੂਠਾ ਹਮਲਾ', ਚੇਤਾਵਨੀ ਜਾਰੀ

**ਵੈਨਕੂਵਰ, (ਮਲਕੀਤ ਸਿੰਘ)** – ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪਹਾੜੀ ਖੇਤਰ ਸਕੁਐਮਿਸ਼ ਨੇੜੇ ਇੱਕ ਕਾਲੇ ਰਿੱਛ ਵੱਲੋਂ ਦੋ ਪੈਦਲ ਚੱਲ ਰਹੇ ਲੋਕਾਂ 'ਤੇ 'ਝੂਠਾ ਹਮਲਾ' (ਬਲੱਫ ਚਾਰਜ) ਕਰਨ ਦੀ ਘਟਨਾ ਸਾਹਮਣੇ ਆਈ ਹੈ।ਪ੍ਰਾਪਤ ਜਾਣਕਾਰੀ ਮੁਤਾਬਕ ਇਹ ਘਟਨਾ ਹਫ਼ਤੇ ਦੇ ਅਖੀਰ ਦੌਰਾਨ ਵਾਪਰੀ ਜੰਗਲਾਤ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਇਸ ਸਬੰਧੀ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ ਗਈ ਹੈ।ਅਧਿਕਾਰੀਆਂ ਨੇ



ਸਕੁਐਮਿਸ਼ ਖੇਤਰ ਵਿੱਚ ਰਿੱਛਾਂ ਦੀ ਮੌਜੂਦਗੀ ਬਾਰੇ ਲਗਾਇਆ ਗਿਆ ਚੇਤਾਵਨੀ ਬੋਰਡ।

ਦੱਸਿਆ ਕਿ ਦੋ ਵਿਅਕਤੀ ਜੰਗਲੀ ਰਸਤੇ 'ਤੇ ਤੁਰ ਰਹੇ ਸਨ, ਜਦੋਂ ਰਿੱਛ ਉਨ੍ਹਾਂ ਵੱਲ ਦੌੜਿਆ, ਪਰ ਨੇੜੇ ਆ ਕੇ ਮੁੜ ਗਿਆ। ਇਸ ਕਿਸਮ ਦੇ ਹਮਲੇ ਨੂੰ "ਬਲੱਫ ਚਾਰਜ" ਕਿਹਾ ਜਾਂਦਾ ਹੈ, ਜਿਸਦਾ ਮਕਸਦ ਡਰਾਉਣਾ ਹੁੰਦਾ ਹੈ, ਨਾ ਕਿ ਹਮਲਾ ਕਰਨਾ।ਮਾਹਿਰਾਂ ਮੁਤਾਬਕ ਇਸ ਮੌਸਮ ਦੌਰਾਨ ਰਿੱਛ ਖੁਰਾਕ ਦੀ ਤਲਾਸ਼ ਵਿੱਚ ਵੱਧ ਸਰਗਰਮ ਹੋ ਜਾਂਦੇ ਹਨ, ਇਸ ਲਈ ਲੋਕਾਂ ਨੂੰ ਜੰਗਲਾਂ ਰਾਹੀਂ ਲੰਘਦਿਆਂ ਖਾਸ ਸਾਵਧਾਨੀ ਵਰਤਣੀ ਚਾਹੀਦੀ ਹੈ।

# ਧਰਮ ਦੇ ਨਾਂ 'ਤੇ ਸੌਦਾ ਲਾਲਚ ਤੇ ਰਾਜਨੀਤੀ ਜਾਂ ਇਨਸਾਨੀਅਤ ਦੀ ਹਾਰ?

ਜਬਰ , ਝੂਠੇ ਵਾਅਦੇ ਤੇ ਮਜ਼ਬੂਰੀਆਂ ਧਰਮ ਪਰਿਵਰਤਨ ਦੇ ਮਾਮਲੇ ਸਮਾਜ ਲਈ ਚੇਤਾਵਨੀ ਕਿਉਂ ਬਣ ਰਹੇ ਹਨ ?

ਜਦੋਂ ਰੋਟੀ ਧਰਮ ਤੋਂ ਵੱਡੀ ਹੋ ਜਾਵੇ, ਓਥੇ ਫੈਸਲੇ ਆਜ਼ਾਦ ਨਹੀਂ ਹੁੰਦੇ ?

ਧਰਮ ਬਦਲਣਾ ਅਧਿਕਾਰ ਹੈ ਪਰ ਮਜ਼ਬੂਰੀ ਵਿੱਚ ਕੀਤਾ ਫੈਸਲਾ ਅਧਿਕਾਰ ਨਹੀਂ ਬੇਬਸੀ ਹੁੰਦੀ ਹੈ ?

ਪਿਛਲੇ ਕੁਝ ਸਾਲਾਂ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਧਰਮ ਪਰਿਵਰਤਨ ਨਾਲ ਜੁੜੀਆਂ ਖਬਰਾਂ ਨੇ ਸਮਾਜ ਨੂੰ ਸੋਚਣ ਲਈ ਮਜਬੂਰ ਕੀਤਾ ਹੈ । ਕਈ ਥਾਵਾਂ 'ਤੇ ਦੋਸ਼ ਲੱਗੇ ਕਿ ਗਰੀਬ ਅਤੇ ਅਣਪੜ੍ਹ ਲੋਕਾਂ ਨੂੰ ਆਰਥਿਕ ਮਦਦ , ਨੌਕਰੀ ਜਾਂ ਇਲਾਜ ਦੇ ਨਾਂ 'ਤੇ ਆਪਣੇ ਧਰਮ ਤੋਂ ਹਟਣ ਲਈ ਪ੍ਰੇਰਿਤ ਕੀਤਾ ਗਿਆ। ਇਹ ਦਾਅਵੇ ਸੱਚ ਹੋਣ ਜਾਂ ਨਾ ਹੋਣ , ਪਰ ਇੱਕ ਗੱਲ ਸਾਫ਼ ਹੈ ਕਿ ਇਹ ਮਸਲਾ ਹੁਣ ਸਿਰਫ਼ ਨਿੱਜੀ ਚੋਣ ਨਹੀਂ , ਸਗੋਂ ਸਮਾਜਕ ਚਿੰਤਾ ਬਣ ਚੁੱਕਾ ਹੈ ।

ਕਈ ਰਾਜਾਂ ਵਿੱਚ ਅਜਿਹੀਆਂ ਘਟਨਾਵਾਂ ਤੋਂ ਬਾਅਦ ਤਣਾਅ ਵਧਿਆ । ਪਿੰਡਾਂ ਵਿੱਚ ਲੋਕਾਂ ਦੇ ਵਿਚਕਾਰ ਸਮਾਜਿਕ ਰਿਸ਼ਤਿਆਂ ਦੀ ਲਕੀਰ ਖਿੱਚੀ ਗਈ ਰਿਸ਼ਤੇ ਟੁੱਟੇ ਅਤੇ ਕੁਝ ਮਾਮਲਿਆਂ ਵਿੱਚ ਹਿੰਸਕ ਟਕਰਾਅ ਵੀ ਸਾਹਮਣੇ ਆਏ । ਜਿੱਥੇ ਧਰਮ ਮਨੁੱਖ ਨੂੰ ਜੋੜਨ ਲਈ ਸੀ ਉੱਥੇ ਇਹ ਅੱਜ ਕੱਲ ਵੰਡ ਦਾ ਸਾਧਨ ਬਣਦਾ ਦਿਖਾਈ ਦੇ ਰਿਹਾ ਹੈ ਇਹੀ ਸਭ ਤੋਂ ਵੱਡੀ ਘਾਤਕ ਸਥਿਤੀ ਹੈ ।

ਇਹ ਵੀ ਸੱਚ ਹੈ ਕਿ ਸਾਡਾ ਸੰਵਿਧਾਨ ਹਰ ਨਾਗਰਿਕ ਨੂੰ ਧਰਮ ਦੀ ਆਜ਼ਾਦੀ ਦਿੰਦਾ ਹੈ । ਕੋਈ ਵੀ ਵਿਅਕਤੀ ਆਪਣੇ ਮਨ ਦੇ ਅਨੁਸਾਰ ਧਰਮ ਅਪਣਾ ਸਕਦਾ ਹੈ । ਪਰ ਜਦੋਂ ਇਹ ਫੈਸਲਾ ਲਾਲਚ , ਡਰ ਜਾਂ ਧੋਖੇ ਨਾਲ ਪ੍ਰਭਾਵਿਤ ਹੋਵੇ ਤਾਂ ਇਹ ਆਜ਼ਾਦੀ ਨਹੀਂ ਰਹਿੰਦੀ ਇਹ ਪ੍ਰਬੰਧ ਦੀ ਨਾਕਾਮੀ ਬਣ ਜਾਂਦੀ ਹੈ । ਸਵਾਲ ਇਹ ਨਹੀਂ ਕਿ ਕੌਣ ਧਰਮ ਬਦਲ ਰਿਹਾ ਹੈ ਸਵਾਲ ਇਹ ਹੈ ਕਿ ਕਿਉਂ ਬਦਲ ਰਿਹਾ ਹੈ । ਜੇਕਰ ਇੱਕ ਪ੍ਰੀਵਾਰ ਸਿਰਫ਼ ਇਸ ਕਰਕੇ ਆਪਣੀ ਆਸਥਾ ਛੱਡਣ 'ਤੇ ਮਜਬੂਰ ਹੋ ਜਾਵੇ ਕਿ ਉਸਦੇ ਕੋਲ ਰੋਟੀ , ਇਲਾਜ ਜਾਂ ਸਿੱਖਿਆ ਦੀ ਕਮੀ ਹੈ ਤਾਂ ਇਹ ਕਿਸੇ ਵੀ ਸਮਾਜ ਲਈ ਸ਼ਰਮ ਦੀ ਗੱਲ ਹੈ । ਇਹ ਧਰਮ ਦੀ ਜਿੱਤ ਨਹੀਂ , ਸਗੋਂ ਇਨਸਾਨੀਅਤ ਦੀ ਹਾਰ ਹੈ ।

ਇਸ ਮਸਲੇ ਨਾਲ ਜੁੜੀਆਂ ਕੁਝ ਘਟਨਾਵਾਂ ਨੇ ਇਹ ਵੀ ਦਿਖਾਇਆ ਹੈ ਕਿ ਕਿਵੇਂ ਛੋਟੇ-ਮੋਟੇ ਵਿਵਾਦ ਵੱਡੇ ਟਕਰਾਅ ਵਿੱਚ ਬਦਲ ਸਕਦੇ ਹਨ । ਇੱਕ ਅਫਵਾਹ ਪਿੰਡ ਦਾ ਮਾਹੌਲ ਖਰਾਬ ਕਰ ਸਕਦੀ ਹੈ , ਇੱਕ ਦੋਸ਼ ਸਮਾਜਕ ਏਕਤਾ ਨੂੰ ਹਿਲਾ ਸਕਦਾ ਹੈ । ਇਹ ਹਾਲਾਤ ਸਿਰਫ਼ ਇੱਕ ਧਰਮ ਜਾਂ ਸਮੂਹ ਨੂੰ ਨਹੀਂ ਸਗੋਂ ਪੂਰੇ ਦੇਸ਼ ਨੂੰ ਕਮਜ਼ੋਰ ਕਰਦੇ ਹਨ ।

ਵਿਚਾਰੀਏ ਤਾਂ ਇਸਦਾ ਹੱਲ ਇਹੀ ਹੈ ਕਿ ਸਭ ਤੋਂ ਪਹਿਲਾਂ ਤਾਂ ਜਿਸ ਧਰਮ ਜ਼ਾਤ ਫਿਰਕੇ ਦੇ ਲੋਕ ਧਰਮ ਬਦਲਦੇ ਹਨ ਉਸੇ ਧਰਮ ਜ਼ਾਤ ਜਾਂ ਫ਼ਿਰਕੇ ਨੂੰ ਆਪਣੇ ਰੋਟੀ ਤੋਂ ਮੁਥਾਜ ਧਰਮ ਬਦਲਣ ਵਾਲੀਆਂ ਦੀ ਬਾਂਹ ਫੜਨੀ ਚਾਹੀਦੀ ਹੈ ਜਿਹੜੇ ਧਰਮ ਬਦਲਣ ਲਈ ਲਾਲਚ ਦਿੰਦਾ ਹੈ ਉਹਦੇ ਲਈ ਸਖ਼ਤ ਕਾਨੂੰਨ ਜਰੂਰੀ ਬਣਾਉਣਾ ਜ਼ਰੂਰੀ ਹੈ । ਹੁਣ ਜੇ ਇਹ ਵਿਚਾਰੀਏ ਕਿ ਸਿਰਫ਼ ਕਾਨੂੰਨ ਬਣਾਉਣ ਨਾਲ ਸਮੱਸਿਆ ਉਦੋਂ ਤੱਕ ਹੱਲ ਨਹੀਂ ਹੁੰਦੀ ਜਦ ਤੱਕ ਗਰੀਬੀ , ਬੇਰੁਜ਼ਗਾਰੀ ਅਤੇ ਅਣਪੜ੍ਹਤ ਨੂੰ ਖਤਮ ਨਹੀਂ ਕੀਤਾ ਜਾਂਦਾ , ਤਦ ਤੱਕ ਅਜਿਹੇ ਮਸਲੇ ਵਾਰ-ਵਾਰ ਉੱਠਦੇ ਰਹਿਣਗੇ । ਲੋਕਾਂ ਨੂੰ ਮਜ਼ਬੂਤ ਬਣਨਾ ਤੇ ਬਣਾਉਣਾ ਪਵੇਗਾ ਤਾਂ ਜੋ ਉਹ ਕਿਸੇ ਵੀ ਲਾਲਚ ਜਾਂ ਦਬਾਅ ਦੇ ਸਾਹਮਣੇ ਖੜ੍ਹ ਸਕਣ ਤੇ

ਸਮਾਜ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਣੀ ਪਵੇਗੀ । ਜੇ ਅਸੀਂ ਆਪਣੇ ਹੀ ਲੋਕਾਂ ਦੀ ਮਦਦ ਨਹੀਂ ਕਰਾਂਗੇ, ਤਾਂ ਉਹ ਕਿਸੇ ਹੋਰ ਸਹਾਰੇ ਵੱਲ ਜਾਣਗੇ । ਇਸ ਲਈ ਲੋੜ ਹੈ ਕਿ ਅਸੀਂ ਧਰਮ ਦੀ ਚਰਚਾ ਤੋਂ ਉੱਪਰ ਉੱਠ ਕੇ ਇਨਸਾਨੀਅਤ ਨੂੰ ਮਜ਼ਬੂਤ ਕਰੀਏ।

ਸਖ਼ਤ ਸਵਾਲ ਕੀ ਗਰੀਬੀ ਧਰਮ ਪਰਿਵਰਤਨ ਦੀ ਜੜ੍ਹ ਹੈ ?ਕੀ ਕਾਨੂੰਨ ਦੀ ਕਮੀ ਹੈ ਜਾਂ ਲਾਗੂ ਕਰਨ ਦੀ ਕਮਜ਼ੋਰੀ ? ਕੀ ਸਮਾਜ ਆਪਣੇ ਲੋਕਾਂ ਨੂੰ ਛੱਡ ਰਿਹਾ ਹੈ ? ਮੁੱਕਦੀ ਗਲ ਧਰਮ ਬਚਾਉਣ ਤੋਂ ਪਹਿਲਾਂ ਇਨਸਾਨ ਬਚਾਉਣਾ ਪਵੇਗਾ ਕਿਉਂਕਿ ਜਦੋਂ ਇਨਸਾਨ ਹੀ ਕਮਜ਼ੋਰ ਹੋ ਜਾਵੇ ਤਾਂ ਕੋਈ ਵੀ ਆਸਥਾ ਸੁਰੱਖਿਅਤ ਨਹੀਂ ਰਹਿੰਦੀ ।



**ਪੱਤਰਕਾਰ ਬਲਦੇਵ ਸਿੰਘ ਜਨੂਹਾ, ਮੋਬਾ, ਨੰ 98148 24215 .**

# ਹਾਸ ਵਿਅੰਗ ਸ਼ਾਇਰੀ ਵਿਆਕਰਨ- ਮੁੱਢਲਾ ਸਬਕ(ਅਧਿਆਇ)

ਸ਼ਬਦਾਂ ਦੇ 'ਉਲਟ-ਪੁਲਟ' ਕੀਤੇ ਫੇਰ ਨੂੰ ਗਰਾਮਰ ਕਿਹਾ ਜਾਂਦਾ ਹੈ ਅਤੇ ਉਨ੍ਹਾਂ ਦੇ ਸੁਮੇਲ ਨੂੰ ਵਾਕ। ਜਦੋਂ ਤੋਂ ਉਪਦੇਸ਼-ਸਥਾਨਾਂ ਤੇ ਵਿਆਕਰਨ ਅਤੇ ਧੁਨਾਂ ਦਾ 'ਰੌਲਾ-ਰੱਪਾ' ਪਿਆ ਹੈ ਕਿ ਇਨ੍ਹਾਂ ਨੂੰ ਮੁੱਖ ਰੱਖ ਕੇ,ਲਿਖਤ ਨੂੰ ਇਸ ਦੇ ਨੇਮਾਂ ਅਨੁਸਾਰ ਸ਼ੁੱਧ ਰੂਪ ਵਿੱਚ ਲਿਖਣਾ ਚਾਹੀਦਾ ਹੈ,ਉਦੋਂ ਤੋਂ ਇਸ ਵੱਲੋਂ ਲੋਕਾਂ ਦਾ ਧਿਆਨ ਕੁੱਝ ਘੱਟ ਕੇ,ਖੁੱਲੀ ਕਵਿਤਾ ਵਾਲੀ ਸ਼ਾਇਰੀ ਦੇ ਰਾਹ ਵੱਲ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। ਮਿੱਤਰ ਜਣੋ! ਤੁਹਾਡੇ ਵਿੱਚੋਂ ਬਹੁਤੇ ਇਹ ਜਾਣਦੇ ਹਨ ਕਿ '.ਗਜ਼ਲ-ਕਾਵਿ' ਦੀ ਵਿਆਕਰਨ ਨੂੰ ਅਰੂਜ਼ ਕਿਹਾ ਜਾਂਦਾ ਹੈ। ਪੁਰਾਣੇ ਸਮੇਂ ਦੇ ਕਵੀ ਜਨ,ਅਰੂਜ਼ (ਅਰਜ਼ ਦਾ ਬਹੁਵਚਨ) ਦੇ ਗੁਣੀਏ ਦੀ ਵਰਤੋਂ ਕੀਤੇ ਬਿਨਾਂ ਸ਼ਾਇਰੀ ਨਹੀਂ ਕਰਦੇ ਸਨ। ਪਰ ਅੱਜ ਦੇ ਨਵੀਨ ਯੁੱਗ ਵਿੱਚ ਇਸ ਨੂੰ ਬਹੁਤ ਹੱਦ ਤੱਕ ਗੁੱਠੇ ਹੀ ਲਾ ਕੇ ਰੱਖਿਆਂ ਹੋਇਆਂ ਹੈ। ਅੱਜ ਕਲ,ਖੁੱਲੀ ਕਵਿਤਾ ਦਾ ਰੁਝਾਨ ਵੱਧ ਰਿਹਾ ਹੈ ਅਤੇ ਬਹੁਤੇ ਨਾਮ ਨਿਹਾਦ ਸ਼ਾਇਰਾਂ ਨੇ ਇਹ ਨਵਾਂ ਰੂਪ ਅਖ਼ਤਿਆਰ ਕਰ ਲਿਆ ਹੈ। ਕਿਸੇ ਨਵੇਂ ਸ਼ਾਇਰ ਦੇ ਸਾਹਮਣੇ ਅਰੂਜ਼ ਵਾਲੇ ਗੁਣੀਏ ਦਾ ਨਾਂ ਤਾਂ ਲੈ ਕੇ ਦੇਖੋ,ਉਹ ਝੱਟ ਕਹਿ ਦਿਓ ਕਿ ਛੱਡੋ ਜੀ,ਉਹਦੇ ਤਾਂ ਆਪਣੇ ਲਘੂ,ਗੁਰੂ ਨੱਸੇ-ਭੱਜੇ ਫਿਰਦੇ ਨੇ।ਕੋਈ ਕਿਸੇ ਦੀ ਬਾਂਹ ਮਰੋੜ ਦਿੰਦਾ ਤੇ ਕੋਈ ਮੋਢਾ ਲਾਹ ਦਿੰਦਾ? ਕਿਸੇ ਜ਼ਹਾਫ ਜਾਂ ਤਕਤੀਹ ਦੇ ਬਾਰੇ ਪੁੱਛਣਾ ਤਾਂ ਦੂਰ ਦੀ ਗੱਲ ਹੈ। ਜੇ ਇਹ ਭੁਲੇਖਾ ਕੱਢਣਾ ਹੋਵੇ ਤਾਂ ਤਜਰਬਾ ਕਰ ਕੇ ਦੇਖ ਲੈਣਾ।ਉਹ ਝੱਟ ਕਹਿ ਦੇਊ ਕਿ ਰੱਬ ਦਾ ਵਾਸਤਾ,ਇਹ ਖਰ੍ਹਵੇ ਜਿਹੇ ਕੰਨ ਪਾੜੂ ਸ਼ਬਦ ਮੈਨੂੰ ਨਾ ਸੁਣਾਓ। ਮੈਨੂੰ ਜ਼ਹਾਫ - ਜ਼ਹੂਫ ਪਸੰਦ ਨਹੀਂ, ਬੱਸ ਮੇਰੀ ਰਚਨਾ ਸੁਣੋ ਅਤੇ ਅਨੰਦ ਨਾਲ ਲਹਾਫ (ਰਜਾਈ),

ਗਲਾਫ ਦਾ ਨਿੱਘ ਮਾਣੋ।ਸੁਹਿਰਦ ਸੱਜਣੋ! ਇਹ ਵੀ ਸੁਣਿਆ ਹੈ ਕਿ ਅਰੂਜ਼ ਵਿੱਚ ਬਹਿਰਾਂ (ਲਹਿਰਾਂ) ਵੀ ਕਹਿਰਾਂ ਦੀਆਂ ਬੜੀਆਂ ਉੱਚੀਆਂ- ਨੀਵੀਂਆਂ ਹੁੰਦੀਆਂ ਹਨ। ਕਈਆਂ ਦੇ ਦਿਲਾਂ ਵਿੱਚ ਇਹ ਜਵਾਰ- ਭਾਟੇ ਵਾਂਗ ਉੱਠਦੀਆਂ ਰਹਿੰਦੀਆਂ ਹਨ। ਕਈ ਤਾਂ ਏਨਾਂ ਡੂੰਘੀਆਂ ਹੁੰਦੀਆਂ ਹਨ ਕਿ ਬਹੁਤੇ ਤਾਂ ਨਵੇਂ ਤੈਰਾਕ,ਇਸ ਵਿੱਚ .ਗੋਤੇ ਖਾ ਕੇ ਡੁੱਬ ਵੀ ਗਏ ਨੇ।ਕੁੱਝ ਕਰਮਾਂ ਵਾਲੇ ਹੀ ਹੁੰਦੇ ਹਨ ਜੋ ਪਾਰ-ਉਤਾਰਾ ਕਰ ਲੈਂਦੇ ਹਨ ਤੇ ਬਾਕੀ ਇਸ ਪਾਸੇ ਉਮਰ ਭਰ ਝਾਕਦੇ ਵੀ ਨਹੀਂ। ਇਸ ਲਈ ਬਹੁਤੇ ਲੋਕ 'ਅਰੂਜ਼ੀ .ਗਜ਼ਲ ( ਅਰੂਸਾ ਨਹੀਂ) ਵੱਲ ਜਾਣੋ ਕਤਰਾਉਂਦੇ ਹਨ।ਬੱਸ,ਇਸ ਦੁੱਖੋਂ ਡਰਦੇ,.ਗਜ਼ਲ ਲਿਖਣ ਦਾ ਪੰਗਾ ਨਹੀਂ ਸਹੇੜਦੇ ਤੇ ਅੱਖਾਂ ਮੀਚੀ ਸਿੱਧਾ ਕਵਿਤਾ ਜਾਂ ਖੁੱਲ੍ਹੀਂ ਕਾਵਿ ਰਚਨਾ ਦੇ ਵਹਿੜੇ 'ਚ ਜਾ ਧਮਾਲ ਪਾਉਂਦੇ ਨੇ। ਉਨ੍ਹਾਂ ਦਾ ਇਹ ਚੱਜ-ਆਚਾਰ,.ਗਜ਼ਲ ਦੇ ਡੇਰਾ ਪ੍ਰੇਮੀਆਂ ਨੂੰ ਕਾਣੀ- ਅੱਖ ਭਾਉਂਦਾ ਨਹੀਂ।

ਇੱਕ ਹੋਰ ਕਿਸਮ ਦੇ ਲੇਖਕ ਵੀ ਹਨ,ਜੋ ਰਵਾਇਤੀ ਕਵਿਤਾ ਲਿਖਣ ਦੀ ਵਕਾਲਤ ਕਰਦੇ ਰਹਿੰਦੇ ਹਨ। ਉਨ੍ਹਾਂ ਦਾ ਕਾਰਜ ਆਪਣੀ ਥਾਂ ਯੋਗ ਹੈ। ਉਹ ਆਪਣੇ ਰਾਹ ਤੁਰੇ ਜਾਣ,ਐਵੇਂ ਅੱਡੀਆਂ ਚੁੱਕ-ਚੁੱਕ ਦੂਜਿਆਂ ਨੂੰ ਬੁਰਾ ਭਲਾ ਨਾ ਕਹਿਣ। ਉਹ ਲੋਕਾਂ ਦਾ ਨੌਂ-ਦੋ ਗਿਆਰਾਂ ਕਰਦੇ-ਕਰਦੇ ( ਉਰਦੂ ਮੁਹਾਵਰਾ-(ਭੱਜਣਾ, ਤੁਰੰਤ ਬਚਣਾ, ਅਲੋਪ ਹੋਣਾ, ਉੱਡ ਜਾਣਾ, ਆਦਿ। )ਕਿਤੇ ਆਪਣੇ ਤੇਰਾਂ-ਗਿਆਰਾਂ ( ਦੋਹਾ 13+11 ਮਾਤ੍ਰਾਵਾਂ )ਨਾ ਭੁੱਲ ਜਾਣ। ਮੁੱਦੇ ਦੀ ਗੱਲ ਤਾਂ ਇਹ ਹੋਣੀ ਚਾਹੀਦੀ ਹੈ ਕਿ ਲੇਖਕ ਦਾ ਲਿਖਣ ਉਦੇਸ਼ ਸਕਾਰਾਤਮਿਕ ਹੋਵੇ।ਇਹ ਨਹੀਂ ਕਿ ਦੂਜੇ ਦੀ ਲਿਖਤ-ਵੰਨਗੀ ਉੱਤੇ ਚੌਕੀਦਾਰੀ ਜਾਂ ਫ਼ੌਜਦਾਰੀ ਕਰ ਕੇ ਬੇਲੋੜਾ ਤਣਾਅ ਲਵੇ ਜਾਂ ਦੇਵੇ ਜਾਂ ਕਿਸੇ ਵਿਅਕਤੀ ਦੇ ਸਾਹਿੱਤਿਕ ਗੁਣਵੱਤਾ ਤੇ ਨਕਾਰਾਤਮਿਕ ਪ੍ਰਭਾਵ ਪਾਵੇ। ਇੱਕ ਚੰਗੀ ਲਿਖਤ ਆਪਣੇ ਆਪ ਪਾਠਕਾਂ ਤੱਕ ਪਹੁੰਚ ਜਾਂਦੀ ਹੈ ਅਤੇ ਉਨ੍ਹਾਂ ਦੇ ਮਨ ਵਿੱਚ ਥਾਂ ਬਣਾ ਲੈਂਦੀ ਹੈ।ਸੋ,ਆਪਣੀ ਮਾਂ ਬੋਲੀ ਨੂੰ ਆਪਣੇ ਮਨੋਹਰ ਵਿਚਾਰਾਂ ਨਾਲ ਸ਼ਿੰਗਾਰਦੇ ਰਹੋ। ਇਹੀ ਸੇਵਾ ਹੈ।



ਸੁਰਜੀਤ ਸਿੰਘ ਭੁੱਲਰ

# ਕਿਹੜੇ ਕਿਹੜੇ ਚੱਕਰਾਂ ਵਿੱਚ ਪਏ ਹੋ ਪਾਣੀ ਕਿਹੜਾ ਸਾਫ਼ ਹੁੰਦਾ ਹੈ?

ਪਹਿਲਾ ਵਾਟਰ ਫਿਲਟਰ ਆਇਆ... ਕਿਹਾ ਗਿਆ ਕਿ ਇਹ ਤੁਹਾਨੂੰ ਬੈਕਟੀਰੀਆ ਅਤੇ ਹੋਰ ਬਿਮਾਰੀਆਂ ਤੋਂ ਬਚਾਵੇਗਾ... ਫਿਰ ਆਰ ਓ ਆਇਆ... ਕਿਹਾ ਗਿਆ ਕਿ ਇਹ ਉਹਨਾਂ ਵਾਇਰਸਾਂ ਅਤੇ ਬੈਕਟੀਰੀਆ ਨੂੰ ਫਿਲਟਰ ਕਰੇਗਾ ਜੋ ਫਿਲਟਰ ਨਾਲ ਫਿਲਟਰ ਨਹੀਂ ਹੋ ਸਕਦੇ ਅਤੇ ਬਚ ਜਾਂਦੇ ਹਨ... ਫਿਰ ਯੂ ਵੀ ਅਤੇ ਇੱਕ ਹੋਰ ਝਿੱਲੀ ਆਰ ਓ ਵਿੱਚ ਆਉਣ ਲੱਗੀ, ਅਤੇ ਇਹ ਦੱਸਿਆ ਗਿਆ ਕਿ ਯੂ ਐਨ ਉਨ੍ਹਾਂ ਵਾਇਰਸਾਂ ਨੂੰ ਖਤਮ ਕਰ ਦੇਵੇਗਾ ਜੋ ਪਹਿਲਾਂ ਤੋਂ ਬਚੇ ਹੋਏ ਸਨ! ਫਿਰ ਕਈ ਸਾਲਾਂ ਬਾਅਦ ਕੰਪਨੀਆਂ ਨੂੰ ਪਤਾ ਲੱਗਾ ਕਿ ਜਿਸ ਪਾਣੀ ਨੂੰ ਉਨ੍ਹਾਂ ਨੇ ਇੰਨਾ ਫਿਲਟਰ ਕੀਤਾ ਹੈ, ਅਸਲ ਵਿੱਚ ਉਸ ਨੂੰ ਇੰਨ੍ਹਾਂ ਫਿਲਟਰ ਕਰਨ ਦੀ ਜ਼ਰੂਰਤ ਨਹੀਂ ਸੀ ... ਕਿਉਂਕਿ ਇਹ "ਬਹੁਤ ਜ਼ਿਆਦਾ ਫਿਲਟਰ" ਪਾਣੀ ਹੁਣ ਅਸਲ ਪਾਣੀ ਨਾਲੋਂ ਜ਼ਿਆਦਾ ਨੁਕਸਾਨਦੇਹ ਹੈ ... ਫਿਰ ਕੰਪਨੀਆਂ "ਮਿਨਰਲ" ਵਾਲੀਆਂ ਬੋਤਲਾਂ ਲੈ ਕੇ ਆਈਆਂ ਤੇ ਹੁਣ ਮਿਨਰਲ ਫਿਲਟਰ ਵੀ ਆ ਗਏ... ਹੁਣ ਉਸੇ ਫਿਲਟਰ ਕੀਤੇ ਪਾਣੀ ਵਿੱਚ ਦੁਬਾਰਾ ਖਣਿਜ ਮਿਲਾਏ ਜਾਂਦੇ ਹਨ!!

: ਕੋਈ ਵੀ ਪਾਣੀ ਜਿਸਦਾ ਕੀ ਡੀ ਐਸ 250 ਤੋਂ ਘੱਟ ਹੈ ਤੁਹਾਡੇ ਲਈ ਜ਼ਹਿਰ ਹੈ ਅਤੇ ਬਿਸਲੇਰੀ ਦਾ ਕੀ ਡੀ□ ਐਸ 30 ਤੋਂ 75 ਦੇ ਵਿਚਕਾਰ ਹੈ... ਤੁਹਾਡੇ ਘਰ ਵਿੱਚ ਆਰ ਓ ਲਗਾਇਆ ਗਿਆ ਹੈ ਜੇਕਰ ਇਸਦਾ ਕੀ ਡੀ ਐਸ 35 ਜਾਂ 75 ਹੈ ਤਾਂ ਸਮਝੋ ਕਿ ਤੁਸੀਂ ਜ਼ਹਿਰੀਲਾ ਪਾਣੀ ਪੀ ਰਹੇ ਹੋ !!

ਸਮੱਸਿਆ ਇਹ ਹੈ ਕਿ ਹੁਣ ਸ਼ਹਿਰਾਂ ਦਾ ਪਾਣੀ ਬਹੁਤ ਦੂਸ਼ਿਤ ਹੋ ਗਿਆ ਹੈ... ਤੁਸੀਂ ਸ਼ਹਿਰਾਂ ਵਿੱਚ ਟੂਟੀ ਦਾ ਪਾਣੀ ਸਿੱਧਾ ਨਹੀਂ ਪੀ ਸਕਦੇ... ਕਿਉਂਕਿ ਪਤਾ ਨਹੀਂ ਤੁਹਾਡੀ ਟੂਟੀ ਦੇ ਆਲੇ-ਦੁਆਲੇ ਕਿੰਨੇ ਟਾਇਲਟ ਟੋਏ ਹੋਣਗੇ....! ਤੁਹਾਨੂੰ ਇੱਕ ਫਿਲਟਰ ਦੀ ਜ਼ਰੂਰਤ ਹੈ, ਪਰ ਤੁਹਾਨੂੰ ਇਹ ਨਹੀਂ ਪਤਾ ਕਿ ਫਿਲਟਰ ਤੁਹਾਡੇ ਪਾਣੀ ਵਿੱਚੋਂ ਕੀ ਫਿਲਟਰ ਕਰ ਰਿਹਾ ਹੈ... ਫਿਲਟਰ ਕੰਪਨੀਆਂ ਦੇ ਕਿਸੇ ਵੀ ਕਰਮਚਾਰੀ ਨੂੰ ਇਹ ਨਹੀਂ ਪਤਾ ਹੈ ਅਤੇ ਨਾ ਹੀ ਤੁਹਾਨੂੰ ਦੱਸਦਾ ਹੈ ਕਿਉਂਕਿ ਉਹ ਸਿਰਫ ਆਪਣਾ ਸਮਾਨ ਵੇਚਣਾ ਚਾਹੁੰਦੇ ਹਨ।

: ਇਹ ਵਾਟਰ ਫਿਲਟਰ ਕੰਪਨੀਆਂ ਤੁਹਾਡੇ ਘਰ ਦੇ ਹਿਸਾਬ ਨਾਲ ਕੋਈ ਵੀ ਫਿਲਟਰ ਨਹੀਂ ਲਗਾਉਂਦੀਆ ਜੋ ਸਿਰਫ ਉਸ ਲੋੜ ਨੂੰ ਪੂਰਾ ਕਰਨ ਜਿਸ ਦੀ ਕਮੀ ਹੈ।ਬਹੁਤੇ ਘਰਾਂ ਵਿੱਚ ਆਉਣ ਵਾਲੇ ਪਾਣੀ ਤੋਂ ਕੀ ਡੀ ਐਸ ਘਟਾਉਣ ਦੀ ਕੋਈ ਲੋੜ ਨਹੀਂ ਹੈ ... ਪਰ ਕੰਪਨੀ ਦਾ ਇੱਕ ਅਨਪੜ੍ਹ ਕਰਮਚਾਰੀ ਆ ਕੇ ਤੁਹਾਨੂੰ 10 ਫਿਲਟਰਾਂ ਵਾਲਾ ਉਤਪਾਦ ਵੇਚਦਾ ਹੈ ਅਤੇ ਫਿਰ ਤੁਸੀਂ ਡਾਕਟਰ ਕੋਲ ਜਾਂਦੇ ਹੋ ਅਤੇ ਡਾਕਟਰ ਤੁਹਾਨੂੰ ਗੋਲੀਆਂ ਦੇ ਦਿੰਦਾ ਹੈ ਡਾਕਟਰ ਦੀਆਂ ਗੋਲੀਆਂ ਚ ਵੀ ਓਹੀ ਮਿਨਰਲ ਹੁੰਦੇ ਹਨ ਜਿਹੜੇ ਤੁਸੀ ਫਿਲਟਰ ਨਾਲ ਬਾਹਰ ਕੱਢ ਦਿੱਤੇ ਸੀ।

: ਇਹ ਇੱਕ ਚੱਕਰ ਹੈ... ਹਰ ਕਿਸੇ ਦਾ ਧੰਦਾ ਚੱਲ ਰਿਹਾ ਹੈ ਤੇ ਸਭ ਨੇ ਹੀ ਕਾਰੋਬਾਰ ਚਲਾਉਣਾ ਹੈ.... ਕੋਈ ਤੁਹਾਨੂੰ ਫਿਲਟਰ ਕੀਤਾ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਬਾਰੇ ਨਹੀਂ ਦੱਸਦਾ... !

ਹੱਲ:-ਪਾਣੀ ਦੀ ਬਾਲਟੀ ਵਿਚ ਪੁਰਾਣੇ ਜ਼ਮਾਨੇ ਵਿਚ ਫਟਕੜੀ ਮਿਲਾਈ ਜਾਂਦੀ ਸੀ, ਜਿਸ ਨਾਲ ਫਾਲਤੂ ਪਦਾਰਥ ਹੇਠਾਂ ਬੈਠ ਜਾਂਦਾ ਸੀ,ਇਸ ਨੂੰ ਸਭ ਤੋਂ ਸ਼ੁੱਧ ਮੰਨਿਆ ਜਾਂਦਾ ਸੀ , ਉਸੇ ਪਾਣੀ ਦਾ ਸੇਵਨ ਕਰਨ ਨਾਲ ਚਮੜੀ ਰੋਗਾਂ ਤੋਂ ਛੁਟਕਾਰਾ ਪਾਇਆ ਜਾਂਦਾ ਸੀ। ਸਮਝ ਆ ਗਈ ਜੇ ਨਹੀਂ ਆਈ ਆਪਣੇ ਬਜ਼ੁਰਗਾਂ ਤੋਂ ਪੁੱਛ ਲਿਓ ਮੈਂ ਤਾਂ ਪੂਰੇ ਤੱਤਾਂ ਤੇ ਸਹੂਲਤਾਂ ਨਾਲ ਪੂਰੀ ਗੱਲ ਦੱਸ ਦਿੱਤੀ ਹੈ ਵਪਾਰੀ ਪਹਿਲਾਂ ਤੁਹਾਡੀ ਸਿਹਤ ਵਿਗਾੜਨ ਲਈ ਸਮਾਨ ਵੇਚਦੇ ਹਨ ਫਿਰ ਸੁਧਾਰਨ ਲਈ ਸਮਾਨ ਵੇਚਦੇ ਹਨ ਆ ਗਈ ਸਮਝ?



ਮਾਲਵਿੰਦਰ ਸਿੰਘ ਤਿਊਣਾ
ਸੰਪਰਕ ਨੰਬਰ-84270 31625

# ਸਾਹਿਤ ਸਿਰਜਣਾ ਮੰਚ ਦਾ ਸਾਲਾਨਾ ਸਮਾਗਮ 21 ਨੂੰ

**ਭਵਾਨੀਗੜ੍ਹ-ਭਵਾਨੀਗੜ੍ਹ (ਰਮੇਸ਼ਵਰ ਸਿੰਘ)** ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ ਦੀ ਕਾਰਜਕਾਰਨੀ ਦੀ ਇੱਕ ਜ਼ਰੂਰੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਮੰਚ ਵੱਲੋਂ ਮਿਤੀ 21 ਮਾਰਚ 2026 ਦਿਨ ਸਨਿੱਚਰਵਾਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੁੰਡੇ), ਭਵਾਨੀਗੜ੍ਹ ਵਿਖੇ ਸਵੇਰੇ 9:30 ਵਜੇ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਕਵਿਤਾ ਉਤਸਵ ਅਤੇ ਸਾਲਾਨਾ ਅਦਬੀ ਮੇਲੇ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਅਮਰਜੀਤ ਸਿੰਘ, ਜਨਰਲ ਸਕੱਤਰ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ, ਕਰਨਗੇ ਅਤੇ ਡਾ ਅਰਵਿੰਦਰ ਕੌਰ ਕਾਕੜਾ, ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਪ੍ਰਿੰਸੀਪਲ ਇਕਬਾਲ ਕੌਰ ਉਦਾਸੀ, ਸਪੁੱਤਰੀ ਪ੍ਰਸਿੱਧ ਲੋਕ ਕਵੀ ਸੰਤ ਰਾਮ ਉਦਾਸੀ, ਡਾ. ਸੰਤੋਖ ਸੁੱਖੀ, ਜ਼ਿਲ੍ਹਾ ਭਾਸ਼ਾ ਅਫਸਰ, ਪਟਿਆਲਾ ਅਤੇ ਸਾਂਝਾ ਸਾਹਿਤਕ ਮੰਚ ਪਟਿਆਲਾ ਵੱਲੋਂ ਨਵਦੀਪ ਮੁੰਡੀ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਮੰਚ ਦੇ ਜਨਰਲ ਸਕੱਤਰ ਗੁਰਜੰਟ ਬੀਂਬੜ ਨੇ ਦੱਸਿਆ ਕਿ ਸਾਹਿਤ ਸਿਰਜਣਾ ਮੰਚ




ਭਵਾਨੀਗੜ੍ਹ ਵੱਲੋਂ ਇਸ ਵਾਰ ਕਿਸੇ ਲੇਖਕ ਨੂੰ ਸਨਮਾਨਿਤ ਕਰਨ ਦੀ ਥਾਂ ਤੇ ਪਿਛਲੇ ਸਾਲ ਛਪੀਆਂ ਕਿਤਾਬਾਂ ਵਿੱਚੋਂ ਸਰਵੋਤਮ ਕਿਤਾਬਾਂ ਨੂੰ ਸਨਮਾਨਿਤ ਕਰਨ ਦੀ ਨਵੀਂ ਪਿਰਤ ਪਾਈ ਜਾਵੇਗੀ ਤਾਂ ਕਿ ਪੰਜਾਬੀ ਵਿੱਚ ਉੱਚ ਪਾਏ ਦੀਆਂ ਕਿਤਾਬਾਂ ਦੀ ਪਹਿਚਾਣ ਕੀਤੀ ਜਾ ਸਕੇ ਤੇ ਪਾਠਕਾਂ ਦੀ ਝੋਲੀ ਵਿੱਚ ਵਧੀਆ ਸਾਹਿਤ ਪਹੁੰਚਦਾ ਕੀਤਾ ਜਾ ਸਕੇ। ਪਿਛਲੇ ਦਿਨੀਂ ਲੇਖਕਾਂ ਵੱਲੋਂ ਭੇਜੀਆਂ ਗਈਆਂ ਪੁਸਤਕਾਂ ਦਾ ਡੂੰਘਾ ਅਧਿਐਨ ਕੀਤਾ ਗਿਆ।ਇਸ ਸਾਲ ਡਾ. ਅਮਰਜੀਤ ਕੌਂਕੇ ਦੀ ਕਾਵਿ-ਪੁਸਤਕ 'ਇਸ ਧਰਤੀ ਤੇ ਰਹਿੰਦਿਆਂ' ਨੂੰ ਲੋਕ ਕਵੀ ਸੰਤ ਰਾਮ ਉਦਾਸੀ ਯਾਦਗਾਰੀ ਪੁਰਸਕਾਰ, ਰਾਮਪਾਲ ਸ਼ਾਹਪੁਰੀ ਦੀ ਕਾਵਿ-ਪੁਸਤਕ 'ਬੀਜ ਅੰਦਰਲਾ ਜੰਗਲ' ਨੂੰ ਪ੍ਰੋਫੈਸਰ ਅਨੂਪ ਸਿੰਘ ਵਿਰਕ ਯਾਦਗਾਰੀ ਕਵਿਤਾ ਪੁਰਸਕਾਰ ਅਤੇ ਸਰਬਜੀਤ ਕੌਰ ਢਿੱਲੋਂ ਦੇ ਨਾਵਲ 'ਸਧਰਾਂ ਦਾ ਕੁੱਜਾ' ਨੂੰ ਡਾ. ਦਲੀਪ ਕੌਰ ਟਿਵਾਣਾ ਯਾਦਗਾਰੀ ਪੁਰਸਕਾਰ ਗਲਪ ਪੁਰਸਕਾਰ ਪ੍ਰਾਪਤ ਕਰਨ ਦਾ ਮਾਣ ਹਾਸਲ ਹੋਇਆ ਹੈ। ਇਸ ਮੌਕੇ ਵਿਸ਼ਾਲ ਕਵੀ ਦਰਬਾਰ ਵੀ ਹੋਵੇਗਾ। ਮੰਚ ਵੱਲੋਂ ਲੇਖਕ ਸਾਥੀਆਂ ਨੂੰ ਇਸ ਮੌਕੇ ਆਪਣੀਆਂ ਸੱਜਰੀਆਂ ਰਚਨਾਵਾਂ ਲੈ ਕੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ। ਸਾਹਿਤ ਸਿਰਜਣਾ ਮੰਚ ਦੇ ਪ੍ਰਧਾਨ ਕੁਲਵੰਤ ਸਿੰਘ ਖਨੌਰੀ ਨੇ ਲੇਖਕਾਂ ਤੇ ਸਰੋਤਿਆਂ ਨੂੰ ਸਮਾਂ ਸਮੇਂ ਸਿਰ ਪਹੁੰਚਣ ਲਈ ਖ਼ਾਸ ਬੇਨਤੀ ਕੀਤੀ।

# ਹਾਲਾਤਾਂ ਦੀ ਹਿੱਕ 'ਤੇ ਦੀਵਾ

ਪਿੰਡ ਦੀ ਜੂਹ ਵਿੱਚ ਜਦੋਂ ਵੀ ਸੂਰਜ ਦੀ ਪਹਿਲੀ ਕਿਰਨ ਫੁੱਟਦੀ, ਤਾਂ ਲੋਕ ਅਕਸਰ ਖੇਤਾਂ ਦੇ ਰਾਹੇ ਜਾਂਦੇ ਇੱਕ ਨਿੱਕੇ ਜਿਹੇ ਬਾਲਕ ਨੂੰ ਦੇਖਦੇ। ਉਹ ਬਾਲਕ ਸੀ ਜਗਸੀਰ ਸਿੰਘ ਜੱਗਾ , ਜਿਸ ਦੇ ਹਿੱਸੇ ਬਚਪਨ ਦੀਆਂ ਖੇਡਾਂ ਨਹੀਂ, ਸਗੋਂ ਜ਼ਿੰਦਗੀ ਦੀ ਸਭ ਤੋਂ ਔਖੀ ਜੰਗ ਆਈ ਸੀ। ਅਜੇ ਮਸਾਂ ਨੌਂ ਸਾਲਾਂ ਦੀ ਉਮਰ ਸੀ, ਜਦੋਂ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਕੁਦਰਤ ਦੀ ਕੈਸੀ ਕਰੋਪੀ ਸੀ ਕਿ ਜਿਸ ਉਮਰ ਵਿੱਚ ਬੱਚੇ ਮਾਵਾਂ ਤੋਂ ਪੈਸੇ ਮੰਗ ਕੇ ਮੇਲੇ ਦੇ ਚਾਅ ਪੂਰੇ ਕਰਦੇ ਹਨ, ਉਸ ਉਮਰ ਵਿੱਚ ਜੱਗੇ ਦੇ ਨਿੱਕੇ ਜਿਹੇ ਮੋਢਿਆਂ 'ਤੇ ਚਾਰ ਭੈਣਾਂ ਅਤੇ ਇੱਕ ਛੋਟੇ ਭਰਾ ਦੀ ਜ਼ਿੰਮੇਵਾਰੀ ਦਾ ਪਹਾੜ ਰੱਖ ਦਿੱਤਾ ਗਿਆ।

ਉਹ ਦਿਨ ਅੱਜ ਵੀ ਪਿੰਡ ਦੇ ਸਿਆਣਿਆਂ ਦੀਆਂ ਅੱਖਾਂ ਵਿੱਚ ਹੰਝੂ ਲੈ ਆਉਂਦੇ ਹਨ, ਜਦੋਂ ਨਿੱਕਾ ਜਿਹਾ ਜੱਗਾ ਖੇਤਾਂ ਵਿੱਚ ਹਲ ਜੋੜ ਕੇ ਨਿਕਲਦਾ ਸੀ। ਉਸਦਾ ਕੱਦ ਇੰਨਾ ਛੋਟਾ ਸੀ ਕਿ ਹਲ ਦੀ ਹਥੇਲੀ ਤੱਕ ਉਸਦੇ ਹੱਥ ਮਸਾਂ ਪਹੁੰਚਦੇ ਸਨ। ਉਹ ਪੰਜੇ ਨਿਹਾਲੀ ਪੂਰੀ ਤਾਕਤ ਨਾਲ ਦਬਾਉਂਦਾ, ਪੈਰਾਂ ਵਿੱਚ ਕੰਡੇ ਚੁਭਦੇ, ਸਰੀਰ ਥਕਾਵਟ ਨਾਲ ਟੁੱਟਦਾ, ਪਰ ਉਸਦੇ ਹੌਸਲੇ ਅਸਮਾਨ ਤੋਂ ਵੀ ਉੱਚੇ ਸਨ। ਉਸਨੇ ਆਪਣੀਆਂ ਖੁਸ਼ੀਆਂ ਦਾ ਗਲਾ ਘੁੱਟ ਕੇ ਰਾਤਾਂ ਨੂੰ ਵੀ ਖੇਤਾਂ ਵਿੱਚ ਪਾਣੀ ਲਾਇਆ ਤਾਂ ਜੋ ਪਰਿਵਾਰ ਦੇ ਚੁੱਲ੍ਹੇ ਵਿੱਚ ਅੱਗ ਮਘਦੀ ਰਹੇ। ਜੱਗੇ ਨੇ ਆਪਣੇ ਸਰੀਰ ਨੂੰ ਹੱਡ-ਭੰਨਵੀਂ ਮਿਹਨਤ ਦੀ ਭੱਠੀ ਵਿੱਚ ਝੋਕ ਦਿੱਤਾ, ਤਾਂ ਜੋ ਉਸਦਾ ਛੋਟਾ ਭਰਾ ਨਿਹਾਲਾ ਕਿਸੇ ਅੱਗੇ ਹੱਥ ਨਾ ਅੱਡੇ।

ਜੱਗੇ ਦੀ ਇਸੇ ਤਪੱਸਿਆ ਦਾ ਫਲ ਸੀ ਕਿ ਉਸਦਾ ਛੋਟਾ ਭਰਾ ਨਿਹਾਲਾ ਅੱਜ ਇਲਾਕੇ ਦਾ ਮਾਣ ਹੈ। ਜੱਗੇ ਨੇ ਖੁਦ ਤਕਲੀਫਾਂ ਜਰੀਆਂ ਤਾਂ ਜੋ ਨਿਹਾਲਾ ਖੁੱਲ੍ਹੀਆਂ ਖੁਰਾਕਾਂ ਖਾ ਸਕੇ ਅਤੇ ਮੈਦਾਨਾਂ ਵਿੱਚ ਗਰਜ ਸਕੇ। ਅੱਜ ਜੇਕਰ ਕਬੱਡੀ ਦੇ ਮੈਦਾਨਾਂ ਵਿੱਚ ਨਿਹਾਲੇ ਦਾ ਨਾਮ ਗੂੰਜਦਾ ਹੈ ਅਤੇ ਇਲਾਕੇ ਦੇ ਪਿੰਡਾਂ ਵਿੱਚ ਉਸਦੀ ਪਹਿਚਾਣ ਇੱਕ ਧਾਕੜ




ਖਿਡਾਰੀ ਵਜੋਂ ਹੈ, ਤਾਂ ਉਸਦੀ ਬੁਨਿਆਦ ਵਿੱਚ ਜੱਗੇ ਦਾ ਉਹ ਮੁੜ੍ਹਕਾ ਹੈ ਜੋ ਉਸਨੇ ਖੇਤਾਂ ਦੀ ਮਿੱਟੀ ਵਿੱਚ ਵਹਾਇਆ ਸੀ। ਇੰਨਾ ਹੀ ਨਹੀਂ, ਜੱਗੇ ਦੀ ਲਾਈ ਹੋਈ ਗੁੜ੍ਹਤੀ ਅਗਲੀ ਪੀੜ੍ਹੀ ਤੱਕ ਵੀ ਪਹੁੰਚੀ। ਜਦੋਂ ਨਿਹਾਲੇ ਦੇ ਮੁੰਡੇ ਨੇ ਕੁਸ਼ਤੀ ਦੇ ਅਖਾੜਿਆਂ ਵਿੱਚ ਪੈਰ ਰੱਖਿਆ, ਤਾਂ ਉਸਦੀਆਂ ਰਗਾਂ ਵਿੱਚ ਵੀ ਆਪਣੇ ਤਾਏ ਜੱਗੇ ਵਾਲੀ ਦਲੇਰੀ ਦੌੜ ਰਹੀ ਸੀ। ਅੱਜ ਜਦੋਂ ਉਹ ਨੌਜਵਾਨ ਕੁਸ਼ਤੀ ਵਿੱਚ ਸਟੇਟ ਪੱਧਰ 'ਤੇ ਮੈਡਲ ਜਿੱਤ ਕੇ ਘਰ ਪਰਤਦਾ ਹੈ, ਤਾਂ ਉਸ ਮੈਡਲ ਦੀ ਚਮਕ ਵਿੱਚ ਜੱਗੇ ਦੀ ਘਾਲਣਾ ਸਾਫ਼ ਨਜ਼ਰ ਆਉਂਦੀ ਹੈ।

ਪਰ ਹੋਣੀ ਦਾ ਚੱਕਰ ਬਹੁਤ ਅਜੀਬ ਅਤੇ ਦਰਦਨਾਕ ਹੈ। ਕਿਸਮਤ ਨੇ ਜੱਗੇ ਨਾਲ ਉਹੀ ਖੇਡ ਖੇਡੀ ਜੋ ਸਾਲਾਂ ਪਹਿਲਾਂ ਉਹਨਾਂ ਦੇ ਪਿਤਾ ਨਾਲ ਖੇਡੀ ਸੀ। ਇਤਿਹਾਸ ਨੇ ਆਪਣੇ ਆਪ ਨੂੰ ਇੱਕ ਦੁਖਾਂਤ ਵਾਂਗ ਦੁਹਰਾਇਆ। ਜਿਵੇਂ ਉਹਨਾਂ ਦੇ ਪਿਤਾ ਦੀ ਮੌਤ ਗਰਦਨ ਦੀ ਸੱਟ ਕਾਰਨ ਹੋਈ ਸੀ, ਜੱਗੇ ਨਾਲ ਵੀ ਕੁਦਰਤ ਨੇ ਉਹੀ ਭਾਣਾ ਵਰਤਾਇਆ। ਉਸ ਦਿਨ ਵੀ ਜੱਗਾ ਰੋਜ਼ਾਨਾ ਵਾਂਗ ਆਪਣੇ ਕੰਮਾਂ ਵਿੱਚ ਰੁਝਿਆ ਹੋਇਆ ਸੀ। ਸ਼ਾਮ ਦਾ ਵੇਲਾ ਸੀ, ਜਦੋਂ ਉਹ ਘਰੇ ਪਸ਼ੂਆਂ ਨੂੰ ਅੰਦਰ ਕਰ ਰਿਹਾ ਸੀ ਉਹ ਪਸ਼ੂ ਜਿਨ੍ਹਾਂ ਦੀ ਸੇਵਾ ਉਹ ਜਾਨ ਤੋਂ ਵੱਧ ਕਰਦਾ ਸੀ। ਪਰ ਉਸੇ ਵੇਲੇ ਵਾਪਰੇ ਇੱਕ ਹਾਦਸੇ ਵਿੱਚ ਗਰਦਨ 'ਤੇ ਲੱਗੀ ਸੱਟ ਕਾਰਨ ਉਹ ਸਦੀਵੀ ਵਿਛੋੜਾ ਦੇ ਗਿਆ।

ਇਹ ਖ਼ਬਰ ਜਦੋਂ ਪਿੰਡ ਵਿੱਚ ਫੈਲੀ, ਤਾਂ ਹਰ ਸੁਣਨ ਵਾਲਾ ਸੁੰਨ ਹੋ ਗਿਆ। ਲੋਕਾਂ ਦੀਆਂ ਭੁੱਬਾਂ ਨਿਕਲ ਗਈਆਂ ਕਿ ਜਿਸ ਇਨਸਾਨ ਨੇ ਸਾਰੀ ਉਮਰ ਪਰਿਵਾਰ ਨੂੰ ਸੱਟਾਂ ਤੋਂ ਬਚਾਇਆ, ਉਹ ਖੁਦ ਉਸੇ ਦਰਦਨਾਕ ਮੌਤ ਦਾ ਸ਼ਿਕਾਰ ਹੋ ਗਿਆ ਜਿਸ ਨੇ ਉਸ ਤੋਂ ਉਸਦਾ ਪਿਤਾ ਖੋਹਿਆ ਸੀ। ਜੱਗੇ ਦਾ ਕੰਮ ਕਰਦਿਆਂ ਹੀ ਦੁਨੀਆ ਤੋਂ ਚਲੇ ਜਾਣਾ ਹਰ ਜਾਣਕਾਰ ਦੇ ਦਿਲ ਨੂੰ ਧੁਰ ਅੰਦਰ ਤੱਕ ਵਲੂੰਧਰ ਗਿਆ। ਪਰ ਸੱਚ ਤਾਂ ਇਹ ਹੈ ਕਿ ਜੱਗਾ ਮਰਿਆ ਨਹੀਂ, ਉਹ ਤਾਂ ਇੱਕ ਚਾਨਣ ਮੁਨਾਰਾ ਬਣ ਗਿਆ ਹੈ। ਜਦੋਂ ਹਾਲਾਤਾਂ ਦਾ ਹਨੇਰਾ ਪਰਿਵਾਰ ਨੂੰ ਚਾਰੇ ਪਾਸਿਓਂ ਘੇਰ ਰਿਹਾ ਸੀ, ਉਸ ਵਕਤ ਨੌਂ ਸਾਲ ਦੀ ਉਮਰ ਵਿੱਚ ਉਸਨੇ ਆਪਣੇ ਸਬਰ ਅਤੇ ਮਿਹਨਤ ਦੀ ਜੋ ਰੌਸ਼ਨੀ ਜਗਾਈ ਸੀ, ਉਹ ਅੱਜ ਵੀ ਪਰਿਵਾਰ ਦੇ ਵਿਹੜੇ ਵਿੱਚ ਲਿਸ਼ਕ ਰਹੀ ਹੈ। ਉਹ ਸਹੀ ਮਾਇਨਿਆਂ ਵਿੱਚ ਉਹ 'ਬੰਦਾ' ਸੀ ਜਿਸ ਨੇ ਕਿਸਮਤ ਅੱਗੇ ਗੋਡੇ ਨਹੀਂ ਟੇਕੇ, ਸਗੋਂ ਆਪਣੀ ਹੱਡ-ਭੰਨਵੀਂ ਮਿਹਨਤ ਨਾਲ ਹਾਲਾਤਾਂ ਦੀ ਹਿੱਕ 'ਤੇ ਅਜਿਹਾ ਦੀਵਾ ਬਾਲਿਆ ਜਿਸ ਦੀ ਲੋਅ ਨਾ ਸਿਰਫ਼ ਨਿਹਾਲੇ ਦੀ ਕਬੱਡੀ ਅਤੇ ਪੁੱਤ ਦੀ ਕੁਸ਼ਤੀ ਵਿੱਚ ਚਮਕ ਰਹੀ ਹੈ, ਸਗੋਂ ਆਉਣ ਵਾਲੀ ਹਰ ਨਵੀਂ ਪੀੜ੍ਹੀ ਲਈ ਇੱਕ ਅਮਰ ਮਿਸਾਲ ਬਣ ਗਈ ਹੈ।

**ਜਤਿੰਦਰ ਸ਼ਰਮਾ ਭੁੱਚੋ**
**ਪਿੰਡ ਭੁੱਚੋ ਖੁਰਦ (ਬਠਿੰਡਾ)**
**ਮੋਬਾਇਲ ਨੰਬਰ- 9501475400**



# (ਰਿਸ਼ਵਤਖੋਰੀ ਦਾ ਸੰਸਾਰ)

ਰਿਸ਼ਵਤਖੋਰੀ ਹੁੰਦੀ,ਕੈਂਸਰ ਵਰਗੀ,ਗਰੀਬਾਂ ਨੂੰ ਲੈਂਦੀ ਵਿੱਚ ਕਲਾਵੇ। ਰਾਜਸੀ ਅਤੇ ਸੱਭਿਅਕ ਤਾਣੇ ਬਾਣੇ ਦਾ, ਵਿਸ਼ਵਾਸ ਉੱਠਦਾ ਜਾਵੇ।ਨਾ ਰਿਸ਼ਵਤਖੋਰ ਨਾ ਉਹਦਾ ਟੱਬਰ ਹੈ ਫੱਲਦਾ। ਅਜ਼ਮਾਇਆ ਹੋਇਆ ਤਰੀਕਾ ਹੈ ਸਾਡਾ, ਬੰਦਾ ਸਾਰੀ ਉਮਰ, ਦੋਜ਼ਖ ਦੀ ਅੱਗ ਵਿੱਚ ਬਲਦਾ। ਭਰਮ ਭੁਲੇਖੇ ਲੋਕਾਂ ਨੂੰ ਪੈਂਦੇ, ਉਨ੍ਹਾਂ ਨੂੰ ਕੋਈ ਨਹੀਂ ਦੇਖਦਾ। ਰੱਬ ਵੀ ਉਨ੍ਹਾਂ ਦੀ ਚੋਰੀ ਦਾ ਮਾਲ, ਡਾਂਗਾਂ ਦੇ ਭਾਅ ਵੇਚਦਾ। ਰਿਸ਼ਵਤਖੋਰ ਸੋਚਦਾ ਬੱਚਿਆਂ ਨੂੰ ਆਹਰੇ ਲਾ ਕੇ, ਉਨ੍ਹਾਂ ਦਾ ਭਵਿੱਖ ਬਣਾ ਦੇਵਾਂ। ਰਿਸ਼ਵਤਖੋਰ ਅਮਲੀ ਕਹਿੰਦਾ, ਕੋਈ ਮਰੇ ਕੋਈ ਜੀਵੇ, ਅਮਲੀ ਘੋਲ ਪਤਾਸੇ ਪੀਵੇ।ਅਮਲੀ ਨੇ ਸੁਣਿਆ ਹੈ, ਅਮਲੀ ਅਮਲ ਕਰਦੇ,ਸੱਚਾ ਪਾਤਸ਼ਾਹ ਉਨ੍ਹਾਂ ਦੇ ਕੰਮ ਨਿਬੇੜੇ ਤੇ ਜਗਾਵੇ ਦੀਵੇ। ਰਿਸ਼ਵਤਖੋਰੀ ਦੀਆਂ ਜੜ੍ਹਾਂ ਜਿਥੇ ਲੱਗ ਜਾਣ, ਔਖੀਆਂ ਹੁੰਦੀਆਂ ਉਖਾੜਨੀਆਂ। ਕਈ ਜਨਮਾਂ ਤੱਕ, ਉਸ ਨੂੰ ਖਤਮ ਕਰਨ ਲਈ, ਬੂਹੇ ਬਾਰੀਆਂ ਪੈਂਦੀਆਂ ਸਾੜ੍ਹਨੀਆਂ।ਅਮਲੀ ਹੁੰਦੇ ਟਰੰਪ ਵਰਗੇ, ਨਸ਼ਾ ਚੜ੍ਹਿਆ ਰਹਿੰਦਾ, ਦੇਸ਼,ਇਲਾਕੇ ਹਥਿਆਉਣ ਦਾ। ਮੁਸਲਿਮ ਦੇਸ਼ਾਂ ਨੂੰ, ਇੱਕ ਇੱਕ ਕਰਕੇ ਝਟਕਾਉਣ ਦਾ। ਰਿਸ਼ਵਤਖੋਰ ਹੁੰਦੇ ਬੜੇ ਸ਼ਾਤਰ, ਅਪਣੀਆਂ ਕਮੀਆਂ, ਪਤਾ ਨ੍ਹੀਂ ਲੱਗਣ ਦਿੰਦੇ। ਜਿਸ ਤੋਂ ਰਿਸ਼ਵਤ ਲੈਂਦੇ, ਉਸ ਨਾਲ ਹੀ ਸਾਂਢ-ਗਾਂਢ ਕਰਕੇ ਮਿਲ ਜਾਂਦੇ। ਕਈ ਵਾਰ ਪਾਸਾ ਪੁੱਠਾ ਪੈਂਦਾ,ਰਿਸ਼ਵਤ ਦੇਣ ਵਾਲੇ ਹੀ ਟਾਊਟ ਬਣ ਕੇ ਫਸਾਉਂਦੇ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਵੱਧ ਤੋਂ ਵੱਧ ਰਜਿਸਟਰੇਸ਼ਨ ਕਰਵਾਈ ਜਾਵੇ ਐਸ ਐਮ ਓ ਡਾਕਟਰ ਸੀਮਾ ਗੁਪਤਾ

**ਬਠਿੰਡਾ (ਦੀਪਕਾ ਸ਼ਰਮਾ)**ਸਿਵਲ ਸਰਜਨ ਡਾਕਟਰ ਤਪਿੰਦਰ ਜੋਤ ਦੀਆਂ ਹਦਾਇਤਾਂ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਸੀਮਾ ਗੁਪਤਾ ਸੀ ਐਸ ਸੀ ਭਗਤਾ ਭਾਈਕਾ ਦੀ ਪ੍ਰਧਾਨਗੀ ਹੇਠ ਅਹਿਮ ਮੀਟਿੰਗ ਕੀਤੀ ਗਈ । ਇਸ ਮੀਟਿੰਗ ਵਿੱਚ ਬਲਾਕ ਦੀਆਂ ਸਮੂੰਹ ਆਸ਼ਾ ਫੈਸੀਲੀਏਟਰਾਂ ਵੱਲੋਂ ਭਾਗ ਲਿਆ ਗਿਆ। ਇਸ ਮੀਟਿੰਗ ਵਿੱਚ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸਬੰਧੀ ਵਿਚਾਰ ਚਰਚਾ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੀਮਾ ਗੁਪਤਾ ਨੇ ਹਦਾਇਤ ਕੀਤੀ ਕਿ ਬਲਾਕ ਭਰ ਵਿੱਚ ਰੋਜ਼ਾਨਾ ਘੱਟ ਤੋਂ ਘੱਟ ਇੱਕ ਹਜ਼ਾਰ ਕਾਰਡ ਦੀ ਰਜਿਸਟ੍ਰੇਸ਼ਨ ਕਰਨੀ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਅਰੋਗਿਆ ਮਿੱਤਰ ਵੱਲੋਂ ਸੀ ਐਚ ਓ ਦੀ ਬੀ ਆਈ ਐਸ ਆਈਡੀ ਬਣਾਈ ਜਾਵੇ ਅਤੇ ਰਜਿਸਟ੍ਰੇਸ਼ਨ ਕਰਨ ਵਿੱਚ ਤੇਜ਼ੀ ਲਿਆਂਦੀ ਜਾਵੇ । ਇਸ ਮੌਕੇ ਉਨ੍ਹਾਂ ਸਮੂੰਹ ਆਸ਼ਾ ਫੈਜ਼ਲੇਟਰਾਂ ਨੂੰ ਸੁਝਾਅ ਦਿੱਤਾ ਕਿ ਉਹ ਆਸ਼ਾ



ਵਰਕਰ ਨੂੰ ਮੀਟਿੰਗ ਕਰਨ ਅਤੇ ਉਹ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਰਜਿਸਟਰੇਸ਼ਨ ਕਰਨ ਲਈ ਲੋਕਾਂ ਦੇ ਘਰ ਘਰ ਜਾ ਕੇ ਜਾਗਰਤ ਕਰਨ। ਡਾਕਟਰ ਸੀਮਾ ਗੁਪਤਾ ਜੀ ਮਰੀਜ਼ਾਂ ਨੂੰ ਦੇਖਣ ਦੇ ਨਾਲ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਚੰਗੀ ਖ਼ੁਰਾਕ ਤੇ ਚੰਗੀ ਜ਼ਿੰਦਗੀ ਜਿਉਣ ਦੇ ਤਰੀਕੇ ਦੱਸਦੇ ਹਨ ਤੇ ਸਾਰੇ ਮੁਲਾਜ਼ਮਾਂ ਦੀ ਮੀਟਿੰਗ ਕਰਕੇ ਉਹਨਾਂ ਨੂੰ ਹਦਾਇਤਾਂ ਕਰਤੇ ਰਹਿੰਦੇ ਹਨ ਕਿ ਉਹ ਆਪਣੇ ਪਿੰਡਾਂ ਤੇ ਇਲਾਕਿਆਂ ਵਿੱਚ ਵਿੱਚ ਜਾ ਕੇ ਲੋਕਾਂ ਨੂੰ ਆਮ ਖ਼ਾਸ ਬਿਮਾਰੀਆਂ ਕਿਉਂ ਹੁੰਦੀਆਂ ਹਨ ਉਹਨਾਂ ਸਬੰਧੀ ਜਾਗਰੂਕ ਕਰਨ ਤਾਂ ਜੋ ਕੋਈ ਬਿਮਾਰੀ ਹੀ ਨਾ ਆਵੇ ਉਹਨਾਂ ਦੀ ਇਸ ਕੜੀ ਮਿਹਨਤ ਨੂੰ ਇਲਾਕੇ ਦੇ ਲੋਕ ਬੇਹੱਦ ਪਸੰਦ ਕਰਦੇ ਹਨ।

# ਹੱਸਣਾ

ਹੱਸਣਾ ਖੇਡਣਾ ਮਨ ਕਾ ਚਾਉ,
ਵਿੱਚ ਬਾਣੀ ਗੁਰ ਵਾਕ।
ਮਨੁੱਖ ਨੂੰ ਹਾਸਾ ਰੱਬ ਨੇ ਦਿੱਤਾ,
ਸੱਚ ਮੁੱਚ ਵਾਂਗ ਸੌਗਾਤ।

ਹੱਸਦੇ ਚਿਹਰੇ ਸੋਹਣੇ ਲੱਗਦੇ,
ਹਰ ਕੋਈ ਕਹੇ ਪੁਕਾਰ।
ਹੱਸਣ ਨਾਲ ਹੀ ਵਿੱਚ ਜੀਵਨ ਦੇ,
ਆਉਂਦੀ ਨਵੀਂ ਬਹਾਰ।

ਇਸ ਜੀਵਨ ਦੀ ਤੰਦਰੁਸਤੀ ਲਈ,
ਹੱਸਣਾ ਬਹੁਤ ਜਰੂਰੀ।
ਬਿਨ ਹਾਸੇ ਤੋਂ ਹੈ ਇਹ ਜ਼ਿੰਦਗੀ,
ਸੱਚ ਮੁੱਚ ਨੀਰੀ ਅਧੂਰੀ।

ਪਰ ਅੱਜ ਸਾਡੀ ਜ਼ਿੰਦਗੀ ਵਿੱਚੋਂ,
ਹਾਸਾ ਹੋਇਆ ਅਲੋਪ।
ਤਾਂ ਹੀਂ ਤਾਂ ਹਰ ਪਾਸੇ ਅੱਜ,
ਦੁੱਖਾਂ ਦਾ ਪ੍ਰਕੋਪ।

ਹੱਸਣਾ ਰੂਹ ਲਈ ਵਾਂਗ ਖੁਰਾਕ,
ਬਿਨ ਹਾਸੇ ਅੱਜ ਫਿਰਨ ਜੁਆਕ।
ਮਿਹਨਤ ਮੁਸ਼ੱਕਤ ਕੰਮ ਤੋਂ ਬਾਅਦ,
ਹੱਸਣ ਲਈ ਕੁੱਝ ਕਰੋ ਮਜ਼ਾਕ।

ਦੁੱਖ ਮੁਸੀਬਤਾਂ ਦੀ ਜ਼ਿੰਦਗੀ ਵਿੱਚ,
ਹੈ ਡਾਢੀ ਭਰਮਾਰ।
ਹੱਸਣ ਨਾਲ ਹੀ ਬੰਦਾ ਪਾਉਂਦਾ,
ਇਨ੍ਹਾਂ ਤੋਂ ਛੁਟਕਾਰ।

ਇਹੋ ਮੇਰਾ ਸੁਨੇਹਾ ਸਭ ਨੂੰ,
ਹਾਸਾ ਯਾਰ ਬਣਾਉਣਾ।
ਬਨਾਰਸੀ ਦਾਸ ਅਧਿਆਪਕ ਲਿਖਦਾ,
ਨਾ ਹੱਸਣ ਤੋਂ ਸ਼ਰਮਾਉਣਾ।



**ਬਨਾਰਸੀ ਦਾਸ ਅਧਿਆਪਕ ਰੱਤੇਵਾਲ ਸੰਪਰਕ: 94635-05286**

# ਨਵਾਂ ਸਾਲ ਮਨਾਓ...

ਖ਼ੁਸ਼ੀਆਂ ਘਰ ਲਿਆਓ,
ਤੇ ਨਵਾਂ ਸਾਲ ਮਨਾਓ।
ਮਾਂ-ਪਿਓ ਦੀ ਪੂਜਾ ਕਰੋ,
ਤੇ ਵੀਰਾਂ ਭੈਣਾਂ ਨੂੰ ਹਸਾਓ।
ਤੇ ਨਵਾਂ ਸਾਲ ਮਨਾਓ...
ਰਾਹਾਂ ਦੀ ਪਹਿਚਾਣ ਕਰੋ,
ਜਾਂ ਨਵੇਂ ਰਾਹ ਬਣਾਓ।
ਵੱਡਿਆਂ ਤੋਂ ਕੁਝ ਸਿੱਖੋ,
ਛੋਟਿਆਂ ਨੂੰ ਵੀ ਸਿਖਾਓ।
ਤੇ ਨਵਾਂ ਸਾਲ ਮਨਾਓ....
ਆਕੜ ਕੇ ਬੈਠੇ ਸਿਰ ਨੂੰ,
ਗੁਰੂਆਂ ਅੱਗੇ ਝੁਕਾਓ।
ਹਾਸਿਆਂ ਨੂੰ ਹੱਸ ਕੇ ,
ਗ਼ਮਾਂ ਨੂੰ ਦੂਰ ਹਟਾਓ।
ਤੇ ਨਵਾਂ ਸਾਲ ਮਨਾਓ...
ਬੇਈਮਾਨੀ ਨੂੰ ਛੱਡ ਕੇ,
ਇਮਾਨਦਾਰੀ ਨੂੰ ਅਪਣਾਓ।
ਰੱਬ ਨੂੰ ਹਾਜ਼ਰ ਮੰਨ ਕੇ,
ਸ਼ੈਤਾਨ ਨੂੰ ਅੰਦਰੋਂ ਭਜਾਓ।
ਤੇ ਨਵਾਂ ਸਾਲ ਮਨਾਓ....
ਚੁਸਤੀ ਦਾ ਅੰਮ੍ਰਿਤ ਪੀ ਕੇ,
ਸੁਸਤੀ ਨੂੰ ਗਲੋਂ ਲਾਓ।
ਨਫ਼ਰਤ ਨੂੰ ਪਾਸੇ ਰੱਖ ਕੇ,
ਪਿਆਰ ਨੂੰ ਪੱਲੇ ਪਾਓ।
ਤੇ ਨਵਾਂ ਸਾਲ ਮਨਾਓ....
ਰੋਸ਼ਨੀ ਦੇ ਦੀਵੇ ਬਾਲ਼ ਕੇ,
ਚਾਨਣ ਨੂੰ ਘਰ ਲਿਆਓ।
ਆਪਣੀ ਬੋਲੀ ਆਪਣਾ ਦੇਸ਼,
ਆਪਣੇ ਤੌਰ ਤਰੀਕੇ ਅਪਣਾਓ।
ਤੇ ਨਵਾਂ ਸਾਲ ਮਨਾਓ....



**ਮਨਜੀਤ ਕੌਰ ਧੀਮਾਨ, ਸ਼ੇਰਪੁਰ, ਲੁਧਿਆਣਾ। ਫੋਨ 9464633059.**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com